27-APRIL-PAGE-1.qxd 4/26/2023 10:06 PM Page 1

ਵੀਰਵਾਰ, 27 ਅਪ੍ਰੈਲ, 2023
14 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 71
ਅੰਕ/NO. : 326

ਨਵਾਂ ਜ਼ਮਾਨਾ

DAILY NAWAN ZAMANA • THURSDAY, 27 APRIL, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਛੱਤੀਸਗੜ੍ਹ 'ਚ 10 ਜਵਾਨਾਂ ਸਣੇ 11 ਸ਼ਹੀਦ

ਰਾਏਪੁਰ : ਛੱਤੀਸਗੜ੍ਹ ਦੇ ਦੰਤੇਵਾੜਾ ਵਿਚ ਬੁੱਧਵਾਰ ਦਿਨੇ ਕਰੀਬ ਇਕ ਵਜੇ ਨਕਸਲੀ ਹਮਲੇ 'ਚ 10 ਪੁਲਸਮੈਨ ਤੇ ਉਨ੍ਹਾਂ ਦੀ ਨਿੱਜੀ ਗੱਡੀ ਦਾ ਡਰਾਈਵਰ ਸ਼ਹੀਦ ਹੋ ਗਏ। ਡਿਸਟ੍ਰਿਕਟ ਰਿਜ਼ਰਵ ਗਾਰਡ ਯੂਨਿਟ ਦੇ ਜਵਾਨ ਮਿੰਨੀ ਗੁਡਜ਼ ਵੈਨ 'ਚ ਮੀਂਹ 'ਚ ਫਸੇ ਜਵਾਨਾਂ ਨੂੰ ਬਚਾ ਕੇ ਲਿਆ ਰਹੇ ਸਨ। ਦੱਸਿਆ ਜਾਂਦਾ ਹੈ ਕਿ ਨਕਸਲੀਆਂ ਨੇ ਰਾਜਧਾਨੀ ਰਾਏਪੁਰ ਤੋਂ ਕਰੀਬ 450 ਕਿਲੋਮੀਟਰ ਦੂਰ ਅਰਨਪੁਰ ਥਾਣਾ ਇਲਾਕੇ ਦੇ ਅਰਨਪੁਰ-ਸਮੇਲੀ ਵਿਚਾਲੇ 50 ਕਿੱਲੋ ਵਿਸਫੋਟਕ ਨਾਲ ਧਮਾਕਾ ਕਰਕੇ ਗੱਡੀ ਉਡਾ ਦਿੱਤੀ। ਵਿਸਫੋਟਕ ਏਨਾ ਜ਼ਬਰਦਸਤ ਸੀ ਕਿ ਸੜਕ 'ਚ ਕਰੀਬ 10 ਫੁੱਟ ਡੂੰਘਾ ਟੋਆ ਪੈ ਗਿਆ।

ਅਧਿਆਪਕਾਂ ਨੂੰ ਬਦਲੀਆਂ ਲਈ ਨਵੇਂ ਸਿਰਿਓਂ ਅਪਲਾਈ ਕਰਨਾ ਪਏਗਾ

ਚੰਡੀਗੜ੍ਹ : ਸਿੱਖਿਆ ਵਿਭਾਗ ਨੇ ਵਿੱਦਿਅਕ ਸਾਲ 2023-24 ਦੌਰਾਨ ਅਧਿਆਪਕਾਂ ਦੀਆਂ ਬਦਲੀਆਂ ਦਾ ਜਿਹੜਾ ਕੰਮ ਸ਼ੁਰੂ ਕੀਤਾ ਸੀ, ਉਸ ਨੂੰ ਰੱਦ ਕਰਦੇ ਹੋਏ ਬਦਲੀਆਂ ਦਾ ਕੰਮ ਨਵੇਂ ਸਿਰੇ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ।

ਸਿੱਖਿਆ ਵਿਭਾਗ (ਸੈ: ਸਿ:) ਪੰਜਾਬ ਨੇ ਸਮੂਹ ਜਿਲ੍ਹਾ ਸਿੱਖਿਆ ਅਸਫਰ (ਸੈ.ਸਿ/ਐ.ਸਿ) ਅਤੇ ਸਕੂਲ ਮੁਖੀਆਂ/ਡੀ ਡੀ ਓਜ਼ ਨੂੰ ਆਖਰੀ ਮੌਕਾ ਦਿੰਦੇ ਹੋਏ ਲਿਖਿਆ ਹੈ ਕਿ ਉਹ ਆਪਣੇ ਅਧੀਨ ਆਉਂਦੇ ਸਮੂਹ ਅਧਿਆਪਕਾਂ/ਕਰਮਚਾਰੀਆਂ ਦਾ ਡਾਟਾ ਈ ਪੰਜਾਬ ਪੋਰਟਲ 'ਤੇ 30 ਅਪ੍ਰੈਲ ਤੱਕ ਅਪਡੇਟ ਕਰਨਾ ਯਕੀਨੀ ਬਣਾਉਣ ਤਾਂ ਜੋ ਵਿਭਾਗ ਵਲੋਂ ਬਦਲੀਆਂ ਕਰਨ ਸਮੇਂ ਅਸਲ/ਸਹੀ ਖਾਲੀ ਅਸਾਮੀਆਂ ਦਰਸਾਈਆਂ ਜਾ ਸਕਣ। ਜੇ ਡਾਟਾ ਅਪਡੇਟ ਨਾ ਹੋਣ ਦੇ ਕਾਰਨ ਵਿਭਾਗ ਨੂੰ ਕਿਸੇ ਅਣਸੁਖਾਵੀਂ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਸ ਦੀ ਨਿਰੋਲ ਜ਼ਿੰਮੇਵਾਰੀ ਸੰਬੰਧਤ ਸਕੂਲ ਮੁਖੀ, ਡੀ ਡੀ ਓ ਅਤੇ ਸੰਬੰਧਤ ਜਿਲ੍ਹਾ ਸਿੱਖਿਆ ਅਫਸਰ ਦੀ ਹੋਵੇਗੀ। ਇਸ ਲਈ ਸਮੂਹ ਅਧਿਆਪਕਾਂ/ਕਰਮਚਾਰੀਆਂ ਦਾ ਡਾਟਾ ਈ ਪੰਜਾਬ ਪੋਰਟਲ 'ਤੇ ਅਪਡੇਟ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਬਾਦਲ ਦਾ ਅੰਤਮ ਸੰਸਕਾਰ ਅੱਜ, ਸਰਕਾਰੀ ਛੁੱਟੀ

ਚੰਡੀਗੜ੍ਹ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਚੰਡੀਗੜ੍ਹ ਪੁੱਜ ਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਦਿੱਤੀ। ਅਕਾਲੀ ਲੀਡਰਸ਼ਿਪ ਸਵੇਰੇ ਫੋਰਟਿਸ ਹਸਪਤਾਲ ਤੋਂ ਬਾਦਲ ਦੀ ਮ੍ਰਿਤਕ ਦੇਹ ਪਾਰਟੀ ਦਫਤਰ ਲੈ ਕੇ ਆਈ।

ਬਾਅਦ ਦੁਪਹਿਰ ਮ੍ਰਿਤਕ ਦੇਹ ਨੂੰ ਪਾਰਟੀ ਦਫ਼ਤਰ ਤੋਂ ਪਿੰਡ ਬਾਦਲ ਲਿਜਾਇਆ ਗਿਆ, ਜਿੱਥੇ 27 ਅਪਰੈਲ ਨੂੰ ਅੰਤਮ ਸੰਸਕਾਰ ਕੀਤਾ ਜਾਵੇਗਾ। ਬਾਦਲ ਦੇ ਦੇਹਾਂਤ ਉਪਰੰਤ ਪੰਜਾਬ ਸਰਕਾਰ ਨੇ ਸੋਗ ਵਜੋਂ 27 ਅਪਰੈਲ ਨੂੰ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਹੈ। ਪੰਜਾਬ ਦੇ ਸਾਰੇ ਸਰਕਾਰੀ ਦਫਤਰ, ਬੋਰਡ, ਕਾਰਪੋਰੇਸ਼ਨ ਅਤੇ ਵਿੱਦਿਅਕ ਅਦਾਰੇ ਵੀਰਵਾਰ ਬੰਦ ਰਹਿਣਗੇ।

ਸੀ ਪੀ ਆਈ ਵੱਲੋਂ ਸ਼ਰਧਾਂਜਲੀ

ਚੰਡੀਗੜ੍ਹ : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਸੂਬਾ ਸਕੱਤਰ ਬੰਤ ਸਿੰਘ ਬਰਾੜ ਅਤੇ ਸੂਬਾ ਕਾਰਜਕਾਰਨੀ ਮੈਂਬਰਾਂ ਗੁਰਨਾਮ ਕੰਵਰ ਅਤੇ ਮਹਿੰਦਰਪਾਲ ਨੇ ਅਕਾਲੀ ਦਲ ਦੇ ਦਫਤਰ ਜਾ ਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਉਹਨਾ ਦੀ ਦੇਹ ਉਤੇ ਫੁੱਲ ਮਾਲਾ ਭੇਟ ਕੀਤੀ। ਸਾਥੀ ਬਰਾੜ ਨੇ ਕਿਹਾ ਕਿ ਬਾਦਲ ਪੰਜਾਬ ਅਤੇ ਸਿੱਖ ਸਿਆਸਤ ਦੇ ਵੱਡੇ ਆਗੂ ਸਨ, ਜੋ ਪੰਜ ਵਾਰੀ ਪੰਜਾਬ ਦੇ ਮੁੱਖ ਮੰਤਰੀ ਬਣੇ। ਉਹ ਬੜੇ ਮਿਲਾਪੜੇ ਸਨ ਅਤੇ ਦੂਜੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਉਠਾਏ ਲੋਕਾਂ ਦੇ ਕੰਮ ਵੀ ਕਰਵਾਉਣ ਲਈ ਕੋਸ਼ਿਸ਼ ਕਰਦੇ ਸਨ।

ਸ਼ੈਲੀ ਮੁੜ ਦਿੱਲੀ ਦੀ ਮੇਅਰ ਚੁਣੀ ਗਈ

ਨਵੀਂ ਦਿੱਲੀ : ਆਮ ਆਦਮੀ ਪਾਰਟੀ ਦੀ ਸ਼ੈਲੀ ਓਬਰਾਏ ਬੁੱਧਵਾਰ ਮੁੜ ਦਿੱਲੀ ਦੀ ਮੇਅਰ ਚੁਣੀ ਗਈ, ਜਦੋਂ ਮੁਕਾਬਲੇ 'ਚ ਖੜ੍ਹੀ ਭਾਜਪਾ ਦੀ ਸ਼ਿਖਾ ਰਾਏ ਨੇ ਆਪਣੀ ਉਮੀਦਵਾਰੀ ਵਾਪਸ ਲੈ ਲਈ। ਰਾਏ ਨੇ ਸਦਨ ਨੂੰ ਦੱਸਿਆ ਕਿ ਉਨ੍ਹਾ ਇਹ ਕਦਮ ਇਸ ਲਈ ਚੁੱਕਿਆ, ਕਿਉਂਕਿ ਸਥਾਈ ਕਮੇਟੀ ਦੀ ਚੋਣ ਨਹੀਂ ਕਰਵਾਈ ਗਈ। ਮੌਜੂਦਾ ਡਿਪਟੀ ਮੇਅਰ ਮੁਹੰਮਦ ਇਕਬਾਲ ਨੂੰ ਵੀ ਇਸ ਅਹੁਦੇ 'ਤੇ ਇਕ ਹੋਰ ਕਾਰਜਕਾਲ ਮਿਲਿਆ, ਕਿਉਂਕਿ ਭਾਜਪਾ ਉਮੀਦਵਾਰ ਸੋਨੀ ਪਾਲ ਨੇ ਆਪਣਾ ਨਾਮਜ਼ਦਗੀ ਪੱਤਰ ਵਾਪਸ ਲੈ ਲਿਆ ਸੀ। ਡਿਪਟੀ ਮੇਅਰ ਦੇ ਅਹੁਦੇ ਲਈ ਇਕਬਾਲ ਅਤੇ ਪਾਲ ਹੀ ਮੈਦਾਨ 'ਚ ਸਨ।

ਸਕੂਲ 'ਚ ਬੰਬ ਦੀ ਅਫਵਾਹ

ਨਵੀਂ ਦਿੱਲੀ : ਮਥੁਰਾ ਰੋਡ 'ਤੇ ਸਥਿਤ ਦਿੱਲੀ ਪਬਲਿਕ ਸਕੂਲ (ਡੀ ਪੀ ਐੱਸ) ਦੇ ਪ੍ਰਬੰਧਕਾਂ ਨੂੰ ਈਮੇਲ ਰਾਹੀਂ ਕੈਂਪਸ 'ਚ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਬੁੱਧਵਾਰ ਸਵੇਰੇ ਤਲਾਸ਼ੀ ਮੁਹਿੰਮ ਚਲਾਈ ਗਈ, ਪਰ ਕੁਝ ਵੀ ਸ਼ੱਕੀ ਚੀਜ਼ ਨਹੀਂ ਮਿਲੀ। ਸਕੂਲ ਨੂੰ ਸਵੇਰੇ 8 ਵਜੇ ਦੇ ਕਰੀਬ ਖਾਲੀ ਕਰਵਾ ਲਿਆ ਗਿਆ ਸੀ। ਇਸ ਖਬਰ ਕਾਰਨ ਖੌਫਜ਼ਦਾ ਮਾਪੇ ਸਕੂਲ ਦੇ ਬਾਹਰ ਆਪਣੇ ਬੱਚਿਆਂ ਨੂੰ ਲੈਣ ਲਈ ਇਕੱਠੇ ਹੋ ਗਏ।

ਕੋਰੋਨਾ ਨਾਲ 29 ਮੌਤਾਂ

ਨਵੀਂ ਦਿੱਲੀ : ਇਕ ਦਿਨ ਵਿਚ 9,629 ਨਵੇਂ ਮਾਮਲਿਆਂ ਨਾਲ ਦੇਸ਼ 'ਚ ਕੋਵਿਡ ਮਰੀਜ਼ਾਂ ਦੀ ਗਿਣਤੀ 4.49 ਕਰੋੜ ਹੋ ਗਈ ਹੈ। ਇਲਾਜ ਅਧੀਨ ਮਰੀਜ਼ਾਂ ਦੀ ਗਿਣਤੀ 63,380 ਤੋਂ ਘਟ ਕੇ 61,013 ਹੋ ਗਈ ਹੈ। ਬੁੱਧਵਾਰ ਸਵੇਰੇ ਜਾਰੀ ਅੰਕੜਿਆਂ ਮੁਤਾਬਕ 29 ਹੋਰ ਮਰੀਜ਼ਾਂ ਦੀ ਮੌਤ ਤੋਂ ਬਾਅਦ ਕੋਰੋਨਾ ਕਾਰਨ ਜਾਨ ਗੁਆਉਣ ਵਾਲੇ ਲੋਕਾਂ ਦੀ ਗਿਣਤੀ 5,31,398 ਹੋ ਗਈ ਹੈ।

ਸੂਡਾਨ 'ਚੋਂ 250 ਹੋਰ ਭਾਰਤੀਆਂ ਨੂੰ ਕੱਢਿਆ

ਨਵੀਂ ਦਿੱਲੀ : ਭਾਰਤੀ ਹਵਾਈ ਫੌਜ ਦੇ ਦੋ ਟਰਾਂਸਪੋਰਟ ਜਹਾਜ਼ਾਂ ਰਾਹੀਂ 250 ਭਾਰਤੀਆਂ ਨੂੰ ਸੂਡਾਨ ਤੋਂ ਬਾਹਰ ਕੱਢਿਆ ਗਿਆ। ਇਸ ਤੋਂ ਪਹਿਲਾਂ 278 ਨਾਗਰਿਕਾਂ ਨੂੰ ਇਸ ਹਿੰਸਾ ਪ੍ਰਭਾਵਤ ਅਫਰੀਕੀ ਦੇਸ਼ ਤੋਂ ਜਲ ਸੈਨਾ ਦੇ ਜਹਾਜ਼ ਰਾਹੀਂ ਬਾਹਰ ਕੱਢਿਆ ਗਿਆ ਸੀ। ਹੁਣ ਤੱਕ ਸੂਡਾਨ ਤੋਂ ਕੱਢੇ ਭਾਰਤੀ ਨਾਗਰਿਕਾਂ ਦੀ ਗਿਣਤੀ 530 ਦੇ ਕਰੀਬ ਪਹੁੰਚ ਗਈ ਹੈ।

ਕੇਂਦਰ ਨਕਸਲਵਾਦ ਨਾਲ ਨਜਿੱਠਣ ਲਈ ਵਿਆਪਕ ਨੀਤੀ ਘੜੇ : ਮਾਨ

ਚੰਡੀਗੜ੍ਹ : ਮੁੱਖ ਮੰਤਰੀ ਭਗਵੰਤ ਮਾਨ ਨੇ ਛੱਤੀਸਗੜ੍ਹ ਦੇ ਦੰਤੇਵਾੜਾ ਵਿਖੇ ਨਕਸਲੀ ਹਮਲੇ ਦੀ ਸਖਤ ਸ਼ਬਦਾਂ 'ਚ ਨਿਖੇਧੀ ਕੀਤੀ ਹੈ ਜਿਸ 'ਚ ਦੇਸ਼ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਕਰਦਿਆਂ 10 ਜਵਾਨਾਂ ਸਣੇ 11 ਸ਼ਹੀਦ ਹੋ ਗਏ। ਮੁੱਖ ਮੰਤਰੀ ਨੇ ਇਸ ਹਮਲੇ ਨੂੰ ਲੋਕਾਂ ਦੇ ਮਨਾਂ 'ਚ ਦਹਿਸ਼ਤ ਪੈਦਾ ਕਰਨ ਦੇ ਉਦੇਸ਼ ਨਾਲ ਕੀਤੀ ਗਈ ਘਿਨਾਉਣੀ ਕਾਰਵਾਈ ਦੱਸਿਆ। ਉਨ੍ਹਾ ਕਿਹਾ ਕਿ ਇਸ ਗੈਰ-ਮਨੁੱਖੀ ਅਤੇ ਵਹਿਸ਼ੀ ਕਾਰੇ ਦੀ ਸਾਰਿਆਂ ਨੂੰ ਸਖਤ ਸ਼ਬਦਾਂ 'ਚ ਨਿਖੇਧੀ ਕਰਨੀ ਚਾਹੀਦੀ ਹੈ। ਹਿੰਸਾ ਦੇ ਇਸ ਮੂਰਖਤਾ ਭਰੇ ਕਾਰੇ 'ਤੇ ਦੁੱਖ ਪ੍ਰਗਟ ਕਰਦਿਆਂ ਉਨ੍ਹਾ ਕੇਂਦਰ ਸਰਕਾਰ ਨੂੰ ਨਕਸਲਵਾਦ ਦੀ ਸਮੱਸਿਆ ਨਾਲ ਨਜਿੱਠਣ ਲਈ ਵਿਆਪਕ ਨੀਤੀ ਘੜਨ ਦੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਹਾਲ ਹੀ ਦੇ ਸਾਲਾਂ 'ਚ ਨਕਸਲੀ ਹਿੰਸਾ 'ਚ ਵਾਧਾ ਹੋਇਆ ਹੈ ਅਤੇ ਕਈ ਬੇਕਸੂਰਾਂ ਦੀ ਜਾਨ ਗਈ ਹੈ। ਉਨ੍ਹਾ ਕਿਹਾ ਕਿ ਇਹ ਮੰਦਭਾਗਾ ਵਰਤਾਰਾ ਹੈ ਕਿ ਕਈ ਸੂਬਿਆਂ 'ਚ ਇਸ ਸਮੱਸਿਆ ਨਾਲ ਨਜਿੱਠਣ 'ਚ ਲੱਗੇ ਹੋਏ ਸੁਰੱਖਿਆ ਬਲਾਂ ਨੂੰ ਅਕਸਰ ਨਕਸਲੀਆਂ ਦੀਆਂ ਕਾਰਵਾਈਆਂ ਦਾ ਖਮਿਆਜਾ ਭੁਗਤਣਾ ਪੈਂਦਾ ਹੈ। ਭਗਵੰਤ ਮਾਨ ਨੇ ਦੁਹਰਾਇਆ ਕਿ ਕੇਂਦਰ ਸਰਕਾਰ ਨੂੰ ਇਸ ਸਮੱਸਿਆ ਨਾਲ ਸਖਤੀ ਨਾਲ ਨਜਿੱਠਣਾ ਚਾਹੀਦਾ ਹੈ ਅਤੇ ਉਨ੍ਹਾ ਦੀ ਸਰਕਾਰ ਇਸ ਮੁੱਦੇ ਨਾਲ ਨਜਿੱਠਣ ਦੇ ਕਿਸੇ ਵੀ ਯਤਨ 'ਚ ਪੂਰਾ ਸਹਿਯੋਗ ਦੇਵੇਗੀ।

ਨਵੀਂ ਦਿੱਲੀ ਦੇ ਜੰਤਰ ਮੰਤਰ 'ਚ ਧਰਨੇ ਦੌਰਾਨ ਵਿਹਲ ਕੱਢ ਕੇ ਪਹਿਲਵਾਨ ਵਰਜਿਸ਼ ਕਰਦੇ ਹੋਏ।

ਦਿੱਲੀ ਪੁਲਸ ਨੇ ਕਿਹਾ, ਐੱਫ ਆਈ ਆਰ ਤੋਂ ਪਹਿਲਾਂ ਜਾਂਚ ਦੀ ਲੋੜ

ਨਵੀਂ ਦਿੱਲੀ : ਦਿੱਲੀ ਪੁਲਸ ਨੇ ਬੁੱਧਵਾਰ ਸੁਪਰੀਮ ਕੋਰਟ ਨੂੰ ਦੱਸਿਆ ਕਿ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਵਿਰੁੱਧ 7 ਮਹਿਲਾ ਪਹਿਲਵਾਨਾਂ ਵੱਲੋਂ ਲਗਾਏ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਸੰਬੰਧੀ ਐੱਫ ਆਈ ਆਰ ਦਰਜ ਕਰਨ ਤੋਂ ਪਹਿਲਾਂ ਮੁੱਢਲੀ ਜਾਂਚ ਦੀ ਲੋੜ ਹੈ। ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮਹਾ ਦੀ ਬੈਂਚ ਕੋਲ ਦਿੱਲੀ ਪੁਲਸ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਜੇ ਸਿਖਰਲੀ ਅਦਾਲਤ ਨੂੰ ਲੱਗਦਾ ਹੈ ਕਿ ਤੁਰੰਤ ਐੱਫ ਆਈ ਆਰ ਦਰਜ ਕੀਤੀ ਜਾਣੀ ਹੈ ਤਾਂ ਅਜਿਹਾ ਕੀਤਾ ਜਾ ਸਕਦਾ ਹੈ। ਇਸ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਕਿ 28 ਅਪਰੈਲ ਨੂੰ ਪਹਿਲਵਾਨਾਂ ਦੀ ਪਟੀਸ਼ਨ 'ਤੇ ਸੁਣਵਾਈ ਦੌਰਾਨ ਦਿੱਲੀ ਪੁਲਸ ਆਪਣਾ ਪੱਖ ਰੱਖ ਸਕਦੀ ਹੈ।

ਜਾਤ ਅਧਾਰਤ ਭੇਦਭਾਵ 'ਤੇ ਰੋਕ ਲਾਉਣ ਲਈ ਮਤਾ ਪਾਸ

ਵਾਸ਼ਿੰਗਟਨ : ਭਾਰਤੀ-ਅਮਰੀਕੀ ਕਾਰੋਬਾਰੀਆਂ ਅਤੇ ਮੰਦਰ ਸੰਗਠਨਾਂ ਦੇ ਸਖਤ ਵਿਰੋਧ ਦੇ ਬਾਵਜੂਦ ਕੈਲੀਫੋਰਨੀਆ ਦੀ ਸੈਨੇਟ ਦੀ ਨਿਆਂ ਪਾਲਿਕਾ ਕਮੇਟੀ ਨੇ ਰਾਜ 'ਚ ਜਾਤ ਅਧਾਰਤ ਭੇਦਭਾਵ 'ਤੇ ਪਾਬੰਦੀ ਲਾਉਣ ਲਈ ਸਰਬਸੰਮਤੀ ਨਾਲ ਬਿੱਲ ਪਾਸ ਕਰ ਦਿੱਤਾ ਹੈ। ਕੈਲੀਫੋਰਨੀਆ ਰਾਜ ਸੈਨੇਟ ਦੀ ਨਿਆਂ ਪਾਲਿਕਾ ਕਮੇਟੀ ਨੇ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਨੂੰ ਮਨਜ਼ੂਰੀ ਲਈ ਸੈਨੇਟ ਨੂੰ ਭੇਜਣ ਦੇ ਪ੍ਰਸਤਾਵ ਦੇ ਹੱਕ ਵਿੱਚ ਵੋਟ ਦਿੱਤੀ। ਇਹ ਪਹਿਲੀ ਵਾਰ ਹੈ, ਜਦੋਂ ਅਮਰੀਕੀ ਰਾਜ ਵਿਧਾਨ ਸਭਾ ਜਾਤ ਨਾਲ ਸੰਬੰਧਤ ਕਾਨੂੰਨ 'ਤੇ ਵਿਚਾਰ ਕਰੇਗੀ। ਜੇ ਬਿੱਲ ਪਾਸ ਹੋ ਜਾਂਦਾ ਹੈ ਤਾਂ ਕੈਲੀਫੋਰਨੀਆ 'ਚ ਜਾਤ ਰਾਜ ਦੇ ਭੇਦਭਾਵ ਵਿਰੋਧੀ ਕਾਨੂੰਨ ਦੇ ਤਹਿਤ ਸੁਰੱਖਿਅਤ ਸ਼੍ਰੇਣੀ ਬਣ ਜਾਵੇਗੀ। ਇਸ ਨਾਲ ਅਮਰੀਕਾ ਦਾ ਸਭ ਤੋਂ ਵੱਧ ਆਬਾਦੀ ਵਾਲਾ ਰਾਜ ਕੈਲੀਫੋਰਨੀਆ ਜਾਤ ਅਧਾਰਤ ਵਿਤਕਰੇ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਰਾਜ ਬਣ ਜਾਵੇਗਾ। ਭਾਰਤੀ ਮੂਲ ਦੀ ਦਲਿਤ ਅਧਿਕਾਰ ਕਾਰਕੁਨ ਅਤੇ 'ਦਿ ਟਰਾਮਾ ਆਫ ਕਾਸਟ' ਦੀ ਲੇਖਕ ਤੰਮੋਜੀ ਸੁੰਦਰਰਾਜਨ ਨੇ ਕਿਹਾ—ਅੱਜ ਮੈਂ ਮਾਣ ਨਾਲ ਆਪਣੇ ਜਾਤੀ-ਪੀੜਤ ਭਾਈਚਾਰੇ ਦੇ ਮੈਂਬਰਾਂ, ਜਾਤੀ ਸਮਾਨਤਾ ਅੰਦੋਲਨ ਦੇ ਮੋਢੀਆਂ ਅਤੇ ਸਹਿਯੋਗੀਆਂ ਨਾਲ ਖੜ੍ਹੀ ਹਾਂ ਇਹ ਕਹਿਣ ਲਈ ਕਿ ਕੈਲੀਫੋਰਨੀਆ 'ਚ ਜਾਤ ਅਧਾਰਤ ਭੇਦਭਾਵ ਦਾ ਸ਼ਿਕਾਰ ਲੋਕ ਹੁਣ ਉਹ ਸੁਰੱਖਿਆ ਹਾਸਲ ਕਰਨ ਦੇ ਨੇੜੇ ਹਨ, ਜਿਸ ਦੇ ਉਹ ਹੱਕਦਾਰ ਹਨ।

ਬੰਗਲਿਆਂ ਨੂੰ ਲੈ ਕੇ ਭਾਜਪਾ ਤੇ 'ਆਪ' ਵਿਚਾਲੇ ਘਮਸਾਨ

ਨਵੀਂ ਦਿੱਲੀ : ਭਾਜਪਾ ਨੇ ਬੁੱਧਵਾਰ ਦਾਅਵਾ ਕੀਤਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਬੰਗਲੇ ਦੇ ਸੁੰਦਰੀਕਰਨ 'ਤੇ 45 ਕਰੋੜ ਰੁਪਏ ਖਰਚ ਕੀਤੇ ਗਏ ਹਨ। ਬੰਗਲੇ ਦੀ ਮੁਰੰਮਤ 'ਤੇ ਖਰਚੀ ਵੱਡੀ ਰਕਮ ਆਮ ਆਦਮੀ ਪਾਰਟੀ (ਆਪ) ਦੇ ਸੰਸਥਾਪਕ ਦੇ ਵਿਚਾਰਧਾਰਕ 'ਨਵੀਨੀਕਰਨ' ਦੀ ਨਿਸ਼ਾਨੀ ਹੈ, ਜਿਸ ਨੇ ਰਾਜਨੀਤੀ ਵਿਚ ਦਾਖਲ ਹੋਣ 'ਤੇ ਇਮਾਨਦਾਰੀ ਅਤੇ ਸਾਦਗੀ ਨੂੰ ਉਤਸ਼ਾਹਤ ਕਰਨ ਦਾ ਵਾਅਦਾ ਕੀਤਾ ਸੀ। ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੇ ਕੇਜਰੀਵਾਲ ਨੂੰ 'ਮਹਾਰਾਜਾ' ਕਰਾਰ ਦਿੰਦਿਆਂ ਦੋਸ਼ ਲਾਇਆ ਕਿ ਕੇਜਰੀਵਾਲ ਨੇ ਖਬਰਾਂ ਨੂੰ ਦਬਾਉਣ ਲਈ ਮੀਡੀਆ ਹਾਊਸਾਂ ਨੂੰ 20 ਕਰੋੜ ਤੋਂ 50 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਸੀ, ਪਰ ਨਿਊਜ਼ ਚੈਨਲਾਂ ਅਤੇ ਅਖਬਾਰਾਂ ਨੇ ਉਸ ਦੀਆਂ ਪੇਸ਼ਕਸ਼ਾਂ ਨੂੰ ਠੁਕਰਾ ਦਿੱਤਾ। ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਤਰਾ ਨੇ ਕਿਹਾ ਕਿ ਕੇਜਰੀਵਾਲ ਦੇ ਬੰਗਲੇ ਲਈ ਖਰੀਦੇ ਗਏ ਅੱਠ ਪਰਦਿਆਂ ਵਿੱਚੋਂ ਇੱਕ ਦੀ ਕੀਮਤ 7.94 ਲੱਖ ਰੁਪਏ ਤੋਂ ਵੱਧ ਹੈ, ਜਦੋਂ ਕਿ ਸਭ ਤੋਂ ਸਸਤੇ ਦੀ ਕੀਮਤ 3.57 ਲੱਖ ਰੁਪਏ ਹੈ। ਭਾਜਪਾ ਦੇ ਬੁਲਾਰੇ ਨੇ ਦਸਤਾਵੇਜ਼ਾਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਬੰਗਲੇ ਲਈ 1.15 ਕਰੋੜ ਰੁਪਏ ਦਾ ਸੰਗਮਰਮਰ ਵੀਅਤਨਾਮ ਤੋਂ ਲਿਆਂਦਾ ਗਿਆ ਸੀ, ਜਦਕਿ 4 ਕਰੋੜ ਰੁਪਏ ਕੰਧਾਂ 'ਤੇ ਖਰਚ ਕੀਤੇ ਗਏ। ਉਨ੍ਹਾ ਕਿਹਾ ਕਿ ਇਹ ਮਹਾਰਾਜੇ ਦੀ ਕਹਾਣੀ ਹੈ, ਜੋ 'ਬੇਸ਼ਰਮ' ਹੈ। ਪਾਤਰਾ ਦੀ ਇਸ ਟਿੱਪਣੀ ਨੂੰ ਦਿੱਲੀ ਵਿਧਾਨ ਸਭਾ 'ਚ ਕੇਜਰੀਵਾਲ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਕੀਤੇ ਗਏ ਹਮਲੇ ਦੇ ਜਵਾਬ ਵਜੋਂ ਦੇਖਿਆ ਜਾ ਰਿਹਾ ਹੈ। ਕੇਜਰੀਵਾਲ ਨੇ ਵਿਧਾਨ ਸਭਾ 'ਚ ਮ

27-APRIL-PAGE-1.qxd 4/26/2023 10:07 PM Page 2

ਚਰਨਪ੍ਰੀਤ ਸਿੰਘ ਸੋਨੂੰ ਅਲਾਇੰਸ ਇੰਟਰਨੈਸ਼ਨਲ ਕਲੱਬ ਦੇ ਦੂਜੀ ਵਾਰ ਪ੍ਰਧਾਨ ਚੁਣੇ

ਜ਼ੀਰਾ (ਪਰਮਜੀਤ ਸਿੰਘ ਧੰਜੂ) ਅਲਾਇੰਸ ਇੰਟਰਨੈਸ਼ਨਲ ਕਲੱਬ ਜ਼ੀਰਾ ਦੀ ਮੀਟਿੰਗ ਸਤਿੰਦਰ ਸਚਦੇਵਾ ਰਿਜਨਲ ਚੇਅਰਮੈਨ ਦੀ ਪ੍ਰਧਾਨਗੀ ਹੇਠ ਜੀਰਾ ਵਿਖੇ ਹੋਈ। ਮੀਟਿੰਗ ਵਿੱਚ ਪ੍ਰਧਾਨ ਚਰਨਪ੍ਰੀਤ ਸਿੰਘ ਵੱਲੋਂ ਪਿਛਲੇ ਸਾਲ ਕਲੱਬ ਵੱਲੋਂ ਕੀਤੇ ਗਏ ਸਮਾਜ ਸੇਵਾ ਦੇ ਕੰਮਾਂ ਬਾਰੇ ਚਾਨਣਾ ਪਾਇਆ ਗਿਆ। ਕੈਸ਼ੀਅਰ ਗੁਰਬਖਸ਼ ਸਿੰਘ ਵਿੱਜ ਨੇ ਦੱਸਿਆ ਕਿ ਕਲੱਬ ਨੂੰ ਜੋ ਪੂਰੇ ਸਾਲ ਵਿਚ ਦਾਨੀ ਸੱਜਣਾਂ ਤੋਂ ਰਕਮ ਪ੍ਰਾਪਤ ਹੋਈ, ਉਸ ਦਾ ਲੇਖਾ ਜੋਖਾ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਸਤਿੰਦਰ ਸਚਦੇਵਾ ਦੀ ਦੇਖ-ਰੇਖ ਹੇਠ ਪੁਰਾਣੀ ਕਮੇਟੀ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕੀਤੀ ਗਈ, ਜਿਸ ਵਿਚ ਚਰਨਪ੍ਰੀਤ ਸਿੰਘ ਨੂੰ ਸਰਬਸੰਮਤੀ ਨਾਲ ਕਲੱਬ ਦਾ ਪ੍ਰਧਾਨ, ਗੁਰਪਾਲ ਜੀਰਵੀ ਨੂੰ ਸਕੱਤਰ ਤੇ ਗੁਰਬਖਸ਼ ਸਿੰਘ ਵਿੱਜ ਨੂੰ ਵਿੱਤ ਸਕੱਤਰ ਚੁਣਿਆ ਗਿਆ। ਇਸ ਤੋਂ ਇਲਾਵਾ ਵਿਪਨ ਸੇਠੀ, ਨਰਿੰਦਰ ਨਾਰੰਗ, ਜਗਦੇਵ ਸ਼ਰਮਾ ਡਇਰੈਕਟਰ, ਚੇਅਰਮੈਨ ਅਨਿਲ ਕੁਮਾਰ ਕੁੱਕੜ, ਵਾਈਸ ਪ੍ਰਧਾਨ ਪੁਸ਼ਪਿੰਦਰ ਸਿੰਘ ਹੈਪੀ, ਸੰਜੀਵ ਸਚਦੇਵਾ, ਪ੍ਰੈੱਸ ਸਕੱਤਰ ਹਰਪ੍ਰੀਤ ਸਿੰਘ ਬੈਂਸ ਚੁਣੇ ਗਏ। ਚਰਨਪ੍ਰੀਤ ਸਿੰਘ ਸੋਨੂ ਨੇ ਪ੍ਰਧਾਨ ਬਣਨ ਉਪਰੰਤ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਸਮਾਜ ਸੇਵਾ ਦੇ ਕੰਮਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਂਦੇ ਰਹਿਣਗੇ। ਸਟੇਟ ਕਮੇਟੀ ਵੱਲੋਂ ਚੰਗੀ ਕਾਰਜਕਾਰੀ ਵਾਲੇ ਮੈਂਬਰਾਂ ਨੂੰ ਸਨਮਾਨ ਪੱਤਰ ਭੇਜੇ ਗਏ ਸਨ। ਉਹ ਸਨਮਾਨ ਪੱਤਰ ਸਤਿੰਦਰ ਸਚਦੇਵਾ ਰਿਜਨਲ ਚੇਅਰਮੈਨ ਵੱਲੋਂ ਮੈਂਬਰਾਂ ਨੂੰ ਦਿੱਤੇ ਗਏ। ਮੀਟਿੰਗ ਵਿੱਚ ਨਵੀਨ ਕੁਮਾਰ ਸਚਦੇਵਾ ਜ਼ਿਲ੍ਹਾ ਚੇਅਰਮੈਨ, ਮਹਿੰਦਰ ਪਾਲ, ਗੁਰਪਾਲ ਸਿੰਘ ਜ਼ੀਰਵੀ, ਓਮ ਪੁਰੀ, ਮਿੱਟੂ ਕੁੱਕੜ ਤੇ ਰਾਜੇਸ਼ ਲੱਕੀ ਆਦਿ ਹਾਜ਼ਰ ਸਨ।

ਦਰਦ ਰਹਿਤ ਅਪ੍ਰੇਸ਼ਨ ਕਰਕੇ ਕੱਢੀ ਸਾਢੇ ਪੰਜ ਕਿੱਲੋ ਦੀ ਰਸੌਲੀ

ਮਮਦੋਟ (ਹਰਪਾਲ ਸੋਢੀ)-ਬੰਗੜ ਸੁਪਰ ਸਪੈਸ਼ਿਲਟੀ ਹਸਪਤਾਲ ਫ਼ਿਰੋਜ਼ਪੁਰ ਤੇ ਆਸ-ਪਾਸ ਲੱਗਦੇ ਖੇਤਰ ਦੇ ਲੋਕਾਂ ਲਈ ਵਰਦਾਨ ਸਾਬਤ ਹੋ ਰਿਹਾ ਹੈ। ਇਸ ਹਸਪਤਾਲ ਵਿੱਚ ਬਹੁਤ ਘੱਟ ਖਰਚੇ 'ਤੇ ਵੱਖ-ਵੱਖ ਬਿਮਾਰੀਆਂ ਨਾਲ ਪੀੜਤ ਮਰੀਜ਼ ਆ ਕੇ ਆਪਣਾ ਇਲਾਜ ਕਰਾ ਰਹੇ ਹਨ। ਇਸ ਹਸਪਤਾਲ ਵਿੱਚ ਹਰੇਕ ਮਰੀਜ਼ ਦੀ ਸਹੂਲਤ ਵਾਸਤੇ ਓ ਪੀ ਡੀ ਦੀ ਪਰਚੀ ਫੀਸ ਮਹਿਜ਼ ਦਸ ਰੁਪਏ ਰੱਖੀ ਗਈ, ਓਥੇ ਮਾਹਿਰ ਡਾਕਟਰਾਂ ਵੱਲੋਂ ਦਰਦ ਰਹਿਤ ਅਪ੍ਰੇਸ਼ਨ ਕਰਕੇ ਸਾਢੇ ਪੰਜ ਕਿੱਲੋ ਦੀ ਰਸੌਲੀ ਕੱਢੀ ਗਈ। ਜ਼ਿਕਰਯੋਗ ਹੈ ਕਿ ਮਾਇਆ ਬਾਈ ਧਰਮ ਪਤਨੀ ਗੁਰਦਿਆਲ ਸਿੰਘ ਪਿੰਡ ਪਰਜੀਆਂ ਗਿੱਦੜਵਿੰਡੀ ਜ਼ਿਲ੍ਹਾ ਲੁਧਿਆਣਾ ਬੰਗੜ ਸੁਪਰ ਸਪੈਸ਼ਲੀਟੀ ਹਸਪਤਾਲ ਫ਼ਿਰੋਜ਼ਪੁਰ ਵਿਖੇ 18 ਅਪ੍ਰੈਲ ਨੂੰ ਭਰਤੀ ਹੋਏ ਸਨ, ਜਿਥੇ ਡਾਕਟਰ ਰੇਨੂ ਕਨਵਰ ਔਰਤਾਂ ਦੇ ਰੋਗਾਂ ਦੇ ਮਾਹਿਰ ਤੇ ਡਾਕਟਰ ਨਵਜੋਤ ਕੌਰ ਲੂਨਾ ਕਰੀਟਿਕਲ ਕੇਅਰ ਦੇ ਮਾਹਿਰ ਦੀ ਦੇਖ-ਰੇਖ ਹੇਠ ਇਲਾਜ ਸ਼ੁਰੂ ਕੀਤਾ ਗਿਆ। ਜਦ ਮਾਇਆ ਬਾਈ ਹਸਪਤਾਲ ਵਿਖੇ ਆਏ ਸਨ ਤਾਂ ਉਨ੍ਹਾਂ ਦੇ 3 ਗ੍ਰਾਮ ਖੂਨ ਸੀ, ਜਦ ਕਿ ਵਧੀਆ ਸਟਾਫ ਦੀ ਨਿਗਰਾਨੀ ਹੇਠ ਚੰਗੀਆਂ ਸੇਵਾਵਾਂ ਮੁਹੱਈਆ ਕਰਕੇ ਉਨ੍ਹਾਂ ਦੀ ਘੱਟ ਸਮੇਂ ਵਿਚ ਹੀ ਖੂਨ ਦੀ ਕਮੀ ਨੂੰ ਪੂਰਾ ਕਰਕੇ ਉਨ੍ਹਾਂ ਦਾ ਦਰਦ ਰਹਿਤ ਅਪ੍ਰੇਸ਼ਨ ਕਰਕੇ ਸਾਢੇ ਪੰਜ ਕਿੱਲੋ ਦੀ ਰਸੌਲੀ ਕੱਢੀ ਗਈ।

ਪਰਸੂਰਾਮ ਜਨਮ ਉਤਸਵ ਨੂੰ ਸਮਰਪਤ ਮੁਫ਼ਤ ਬੱਸ ਮਾਤਾ ਰੇਣੂਕਾ ਧਾਮ ਦੇ ਦਰਸ਼ਨਾਂ ਲਈ ਭੇਜੀ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਭਗਵਾਨ ਪਰਸੂਰਾਮ ਦੇ ਜਨਮ ਉਤਸਵ ਨੂੰ ਸਮਰਪਤ ਮਾਤਾ ਰੇਣੂਕਾ ਧਾਮ ਦੇ ਦਰਸ਼ਨਾਂ ਲਈ ਰਮਨਦੀਪ ਸਾਰਦਾ ਰੰਮੀ ਦੀ ਅਗਵਾਈ ਵਿੱਚ ਤਹਿਸੀਲ ਪਾਰਕ ਤੋਂ ਮਾਤਾ ਰੇਣੂਕਾ ਧਾਮ ਜੀ ਦੇ ਦਰਸ਼ਨਾਂ ਲਈ ਬੱਸ ਰਵਾਨਾ ਕੀਤੀ ਗਈ। ਇਸ ਬੱਸ ਨੂੰ ਸੋਮ ਪ੍ਰਕਾਸ਼ ਸ਼ਰਮਾ ਵੱਲੋਂ ਝੰਡੀ ਦੇ ਕੇ ਰਵਾਨਾ ਕੀਤਾ। ਰਮਨਦੀਪ ਸਰਮਾ ਰੰਮੀ ਨੇ ਦੱਸਿਆ ਕਿ ਬ੍ਰਾਹਮਣ ਸਮਾਜ ਦੇ ਸਭ ਤੋਂ ਵੱਡੇ ਉਸਤਵ ਮੌਕੇ ਮਾਤਾ ਰੇਨੂਕਾ ਧਾਮ ਦੇ ਦਰਸ਼ਨਾਂ ਦੇ ਚਾਹਵਾਨ ਬ੍ਰਾਹਮਣ ਸਮਾਜ ਲਈ ਇਹ ਮੁਫ਼ਤ ਬੱਸ ਭੇਜਣ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਜੁ ਬ੍ਰਾਹਮਣ ਸਮਾਜ ਦੇ ਨੌਜਵਾਨਾਂ ਨੂੰ ਆਪਣੇ ਇਤਿਹਾਸ ਤੇ ਮਹਾਨ ਤੀਰਥ ਸਥਾਨ ਬਾਰੇ ਪਤਾ ਲੱਗ ਸਕੇ। ਇਸ ਮੌਕੇ ਗੋਪਾਲ ਸ਼ਰਮਾ, 'ਆਪ' ਦੇ ਯੂਥ ਆਗੂ ਪਾਰਸ ਸ਼ਰਮਾ, ਸੰਦੀਪ ਸ਼ਰਮਾ, ਭੋਚਿੰਦਰ ਸ਼ਰਮਾ, ਪਰਵੀਨ ਸ਼ਰਮਾ, ਸ਼ਿਵ ਸ਼ਰਮਾ, ਮੰਗਤ ਸ਼ਰਮਾ, ਰੁਪਿੰਦਰ ਸ਼ਰਮਾ, ਚੰਨੀ ਸ਼ਰਮਾ, ਮੋਨੂੰ ਸ਼ਰਮਾ, ਕ੍ਰਿਸ਼ਨ ਲਾਲ ਸ਼ਰਮਾ, ਮਨੀਸ਼ ਸ਼ਰਮਾ, ਰਜਨੀਸ਼ ਮੋਦਗਿੱਲ, ਮਿਅੰਕ ਸ਼ਰਮਾ ਤੇ ਬ੍ਰਾਹਮਣ ਪਰਵਾਰਾਂ ਦੇ ਹੋਰ ਵੀ ਮੈਂਬਰ ਮੌਜੂਦ ਸਨ।

ਪੱਤਰਕਾਰ ਸੁਖਪਾਲ ਸਿੰਘ ਨੂੰ ਸਦਮਾ, ਮਾਤਾ ਦਾ ਦੇਹਾਂਤ

ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ, ਕੁਲਦੀਪ ਅੱਤਰੀ) ਪੱਤਰਕਾਰ ਸੁਖਪਾਲ ਸਿੰਘ ਦਸੋੜ ਪਿੰਡ ਸੋਰੋਂ ਨੂੰ ਉਸ ਸਮੇਂ ਵੱਡਾ ਸਦਮਾ ਪੁੱਜਾ, ਜਦੋਂ ਉਨ੍ਹਾਂ ਦੀ ਮਾਤਾ ਸ਼ਾਂਤੀ ਦੇਵੀ ਉਮਰ 85 ਸਾਲ ਦਾ ਦੇਹਾਂਤ ਹੋ ਗਿਆ। ਇਸ ਮੌਤ ਵੱਖ-ਵੱਖ ਜਥੇਬੰਦੀਆਂ ਤੇ ਧਾਰਮਿਕ ਜਥੇਬੰਦੀਆਂ ਅਤੇ ਸੀਨੀਅਰ ਪ੍ਰੈੱਸ ਕਲੱਬ ਦੇ ਸਮੂਹ ਪੱਤਰਕਾਰਾਂ ਵੱਲੋਂ ਇਸ ਮੌਤ 'ਤੇ ਵੱਡੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਾਤਾ ਜੀ ਦੇ ਫੁੱਲਾਂ ਦੀ ਰਸਮ 27 ਅਪ੍ਰੈਲ ਨੂੰ ਸਵੇਰੇ 8.30 ਵਜੇ ਪਿੰਡ ਸੋਰੋਂ ਵਿਖੇ ਹੋਵੇਗੀ।

ਹਰਿਆਣਾ ਸਿੱਖਿਆ ਵਿਭਾਗ ਵੱਲੋਂ ਬਾਲ ਵਾਟਿਕਾ ਕਲਾਸਾਂ ਸ਼ੁਰੂ

ਸਿਰਸਾ (ਸੁਰਿੰਦਰ ਪਾਲ ਸਿੰਘ)- ਹਰਿਆਣਾ ਸਿੱਖਿਆ ਵਿਭਾਗ ਨੇ ਪ੍ਰਾਇਮਰੀ ਸਿੱਖਿਆ ਨੂੰ ਹੋਰ ਮਜ਼ਬੂਤ ??ਕਰਨ ਲਈ ਨਵੀਂ ਪ੍ਰਣਾਲੀ ਲਾਗੂ ਕੀਤੀ ਹੈ।ਵਿਭਾਗ ਨੇ ਨਵੀਂ ਸਿੱਖਿਆ ਨੀਤੀ ਤਹਿਤ ਐਲਾਨ ਕੀਤਾ ਹੈ ਕਿ ਪ੍ਰਾਇਮਰੀ ਤੇ ਮਿਡਲ ਸਕੂਲਾਂ ਨੂੰ ਹੁਣ ਬਾਲ ਵਾਟਿਕਾ ਵਜੋਂ ਵਿਕਸਤ ਕੀਤਾ ਜਾਵੇਗਾ।ਇਸ ਕੜੀ ਵਿੱਚ 286 ਸਕੂਲਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ ਤਹਿਤ ਪ੍ਰਾਇਮਰੀ ਤੇ ਮਿਡਲ ਸਰਕਾਰੀ ਸਕੂਲਾਂ ਵਿੱਚ ਨਵੇਂ ਸੈਸ਼ਨ ਤੋਂ ਨਰਸਰੀ ਜਮਾਤ ਵਿੱਚ ਖੇਡ ਅਧਾਰਿਤ ਸਿੱਖਿਆ ਹੋਵੇਗੀ। ਪਹਿਲਾਂ ਸਰਕਾਰੀ ਸਕੂਲਾਂ ਵਿੱਚ ਬੱਚੇ ਦੇ ਪਹਿਲੀ ਜਮਾਤ ਵਿੱਚ ਹੀ ਦਾਖ਼ਲਾ ਲੈਂਦੇ ਸਮੇਂ ਸਾਢੇ ਪੰਜ ਸਾਲ ਦਾ ਹੋਣਾ ਲਾਜ਼ਮੀ ਸੀ। ਅਜਿਹੇ ਬੱਚਿਆਂ ਨੂੰ ਉਨ੍ਹਾਂ ਦੀ ਛੋਟੀ ਉਮਰ ਕਾਰਨ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਦੇਣ ਤੋਂ ਇਨਕਾਰ ਕਰ ਦਿੱਤਾ ਤਾਂ ਬੱਚਿਆਂ ਪ੍ਰਾਈਵੇਟ ਸਕੂਲਾਂ 'ਚ ਦਾਖ਼ਲਾ ਲੈ ਲਿਆ, ਇਸ ਨੂੰ ਧਿਆਨ ਵਿੱਚ ਰੱਖਦਿਆਂ ਸਿੱਖਿਆ ਵਿਭਾਗ ਨੇ ਇਹ ਕਦਮ ਚੁੱਕਿਆ ਤਾਂ ਜੁ ਕੋਈ ਵੀ ਬੱਚਾ ਦਾਖ਼ਲੇ ਤੋਂ ਵਾਂਝਾ ਨਾ ਰਹੇ। ਹੁਣ ਬਾਲ ਵਾਟਿਕਾ ਵਿੱਚ 25 ਵਿਦਿਆਰਥੀਆਂ ਲਈ ਇੱਕ ਅਧਿਆਪਕ ਨਿਯੁਕਤ ਕੀਤਾ ਜਾਵੇਗਾ।ਬਾਲ ਵਾਟਿਕਾ ਕਲਾਸ ਦਾ ਸਮਾਂ ਸਾਢੇ ਚਾਰ ਘੰਟੇ ਹੋਵੇਗਾ ਤੇ ਸਕੂਲਾਂ ਵਿੱਚ ਹੀ ਬੱਚਿਆਂ ਲਈ ਖਾਣੇ ਦਾ ਪ੍ਰਬੰਧ ਕੀਤਾ ਜਾਵੇਗਾ।ਸਿੱਖਿਆ ਦੇ ਅਧਿਕਾਰ ਕਾਨੂੰਨ ਤਹਿਤ ਬੱਚਿਆਂ ਨੂੰ ਸਟੇਸ਼ਨਰੀ, ਬੈਗ, ਕਿਤਾਬਾਂ ਵੀ ਮੁਫ਼ਤ ਦਿੱਤੀਆਂ ਜਾਣਗੀਆਂ।ਦੂਜੇ ਪਾਸੇ ਹਰਿਆਣਾ ਦੀਆਂ ਅਧਿਆਪਕ ਜਥੇਬੰਦੀਆਂ ਨੇ ਕਿਹਾ ਕਿ ਹਰਿਆਣਾ ਸਰਕਾਰ ਦੀ ਸਰਕਾਰੀ ਸਕੂਲਾਂ ਨੂੰ ਬੰਦ ਕਰਨ ਦੀ ਨੀਤੀ ਤਹਿਤ ਦਾਖ਼ਲਾ ਲੈਂਦੇ ਸਮੇਂ ਬਚਿਆਂ ਲਈ ਸਾਢੇ ਪੰਜ ਸਾਲ ਦਾ ਹੋਣਾ ਲਾਜ਼ਮੀ ਕੀਤਾ ਗਿਆ ਸੀ।

ਅਕਾਲੀ ਸਿਆਸਤ ਦੇ ਧਰੂ ਤਾਰੇ ਦਾ ਤੁਰ ਜਾਣਾ ਸਾਡੇ ਲਈ ਨਿੱਜੀ ਘਾਟਾ : ਬਾਬਾ ਤਿਲੋਕੇਵਾਲਾ

ਸਿਰਸਾ (ਸੁਰਿੰਦਰ ਪਾਲ ਸਿੰਘ) ਪਿੰਡ ਤਿਲੋਕੇਵਾਲਾ ਦੇ ਗੁਰਦੁਆਰਾ ਸ਼੍ਰੀ ਨਿਰਮਲਸਰ ਸਾਹਿਬ ਦੇ ਮੁੱਖ ਸੇਵਾਦਾਰ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਬਾਬਾ ਗੁਰਮੀਤ ਸਿੰਘ ਤਿਲੋਕੇਵਾਲਾ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਸਦੀਵੀ ਵਿਛੋੜੇ 'ਤੇ ਗਹਿਰਾ ਅਫ਼ਸੋਸ ਪ੍ਰਗਟਾਉਂਦਿਆਂ ਕਿਹਾ ਕਿ ਅਕਾਲੀ ਸਿਆਸਤ ਦੇ ਧਰੂ ਤਾਰੇ ਦੇ ਤੁਰ ਜਾਣ ਨਾਲ ਸਾਨੂੰ ਨਿੱਜੀ ਘਾਟਾ ਪਿਆ ਹੈ।

ਬਾਬਾ ਤਿਲੋਕੇਵਾਲਾ ਨੇ ਕਿਹਾ ਕਿ ਉਹ ਇਕ ਸ਼ਕਤੀਸ਼ਾਲੀ ਸਿੱਖ ਆਗੂ ਸਨ। ਉਨ੍ਹਾਂ ਕਿਹਾ ਕਿ 5 ਵਾਰ ਪੰਜਾਬ ਦੇ ਮੁੱਖ ਮੰਤਰੀ ਤੇ 11 ਵਾਰ ਵਿਧਾਇਕ ਰਹੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੰਜਾਬ ਦੀ ਸਿਆਸਤ ਦੇ ਬਾਬਾ ਬੋਹੜ ਵਜੋਂ ਜਾਣਿਆ ਜਾਂਦਾ ਸੀ। ਬਾਬਾ ਤਿਲੋਕੇਵਾਲਾ ਨੇ ਕਿਹਾ ਕਿ ਹਰਿਆਣਾ ਦੀ ਸਿੱਖ ਸੰਗਤ ਵਿੱਚ ਵੀ ਬਾਦਲ ਦਾ ਬਹੁਤ ਆਦਰ ਸਤਿਕਾਰ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਸਿਆਸਤ ਵਿਚ ਕਿਸਾਨਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਇਸ ਸਿੱਖ ਆਗੂ ਨੇ ਐਮਰਜੈਂਸੀ ਸਮੇਂ ਜੇਲ੍ਹਾਂ ਕੱਟੀਆਂ ਸਨ। ਉਨ੍ਹਾਂ ਬਾਦਲ ਦੇ ਫਰਜ਼ੰਦ ਸੁਖਬੀਰ ਸਿੰਘ ਬਾਦਲ ਤੇ ਬੀਬਾ ਬਾਦਲ ਨੂੰ ਭੇਜੇ ਸੰਦੇਸ਼ ਵਿਚ ਕਿਹਾ ਕਿ ਪੰਜਾਬ ਦੀ ਅਕਾਲੀ ਸਿਆਸਤ ਵਿਚੋਂ ਅਲੋਪ ਹੋਏ ਇਸ ਹੀਰੇ ਦੇ ਸਦੀਵੀ ਵਿਛੋੜੇ ਨਾਲ ਉਨ੍ਹਾਂ ਨੂੰ ਨਿਜੀ ਘਾਟਾ ਪਿਆ ਹੈ।

ਡਾ. ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਸਮਾਗਮ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਸ੍ਰੀ ਗੁਰੂ ਰਵਿਦਾਸ ਕਮੇਟੀ ਵਲੋਂ ਪਿੰਡ ਭੱਦਲਵੱਢ ਵਿਖੇ ਡਾ. ਭੀਮ ਰਾਓ ਅੰਬੇਡਕਰ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ਾਲ ਸਮਾਗਮ ਕਰਾਇਆ ਗਿਆ। ਮਾਸਟਰ ਬੂਟਾ ਰਾਮ, ਮਾਸਟਰ ਅਮਰੀਕ ਸਿੰਘ ਨੇ ਡਾ. ਬੀ.ਆਰ. ਅੰਬੇਡਕਰ ਦੇ ਜੀਵਨ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਡਾਕਟਰ ਅੰਬੇਦਕਰ ਸਮੂਹ ਭਾਰਤੀਆਂ ਦੇ ਮਸੀਹਾ ਸਨ, ਜਿਨ੍ਹਾਂ ਨੇ ਅਜ਼ਾਦ ਭਾਰਤ ਦਾ ਸੰਵਿਧਾਨ ਲਿਖ ਕੇ ਦੇਸ ਦੇ ਹਰੇਕ ਨਾਗਰਿਕ ਨੂੰ ਉਨ੍ਹਾਂ ਦਾ ਬਣਦਾ ਹੱਕ ਦਿੱਤਾ ਤੇ ਭਾਰਤ 'ਚ ਅਸਲੀ ਲੋਕਤੰਤਰ ਦੀ ਸਥਾਪਨਾ ਕੀਤੀ। ਉਨ੍ਹਾਂ ਡਾ. ਅੰਬੇਡਕਰ ਦੀ ਸੋਚ ਨੂੰ ਘਰ-ਘਰ ਪੁਚਾਉਣ ਦੀ ਅਪੀਲ ਕੀਤੀ। ਇਸ ਮੌਕੇ ਵਿੱਦਿਅਕ ਖੇਤਰ 'ਚ ਪਹਿਲੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਵਣ ਸਿੰਘ ਕਾਲਾਬੂਲਾ, ਲਖਵੀਰ ਸਿੰਘ ਸਹੌਰ ਤੋਂ ਇਲਾਵਾ ਪਤਵੰਤੇ ਸੱਜਣਾਂ ਨੇ ਸ਼ਮੂਲੀਅਤ ਕੀਤੀ।

ਡੀ ਐੱਮ ਯੂ ਰੇਲ ਗੱਡੀ 'ਚੋਂ ਮਿਲੀ ਲਾਸ਼

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਮੁੱਖ ਰੇਲਵੇ ਸਟੇਸ਼ਨ ਛਾਉਣੀ ਵਿਖੇ ਲੁਧਿਆਣਾ ਤੋਂ ਆਈ ਰੇਲ ਗੱਡੀ 'ਚੋਂ ਇਕ ਅਣਪਛਾਤੇ ਵਿਅਕਤੀ ਦੀ ਲਾਸ਼ ਜੀਆਰਪੀ ਨੂੰ ਮਿਲਣ ਦੀ ਖ਼ਬਰ ਹੈ। ਜੀਆਰਪੀ ਦੇ ਥਾਣਾ ਮੁਖੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਰੇਲਵੇ ਸਟੇਸ਼ਨ ਛਾਉਣੀ ਦੇ ਸਟੇਸ਼ਨ ਮਾਸਟਰ ਵਲੋਂ ਉਨ੍ਹਾਂ ਨੂੰ ਸੂਚਨਾ ਦਿੱਤੀ ਕਿ ਲੁਧਿਆਣਾ ਤੋਂ ਫ਼ਿਰੋਜ਼ਪੁਰ ਛਾਉਣੀ ਵਿਖੇ ਆਈਡੀਐਮਯੂ ਰੇਲ ਗੱਡੀ ਨੰਬਰ 06981 ਦੇ ਕੋਚ ਨੰਬਰ 11530 ਅੰਦਰ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਪਈ ਹੈ।

ਥਾਣਾ ਮੁਖੀ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਹੌਲਦਾਰ ਜਨਕ ਰਾਜ ਨੇ ਜਦ ਮੌਕੇ 'ਤੇ ਪਹੁੰਚ ਮ੍ਰਿਤਕ ਸਬੰਧੀ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਆਸ-ਪਾਸ ਤੋਂ ਕੋਈ ਵੀ ਜਾਣਕਾਰੀ ਪ੍ਰਾਪਤ ਨਹੀਂ ਹੋਈ।

ਉਨ੍ਹਾਂ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਉਮਰ ਕਰੀਬ 55-60 ਸਾਲ ਲੱਗਦੀ ਹੈ।ਉਨ੍ਹਾਂ ਨੇ ਜਾਣਕਾਰੀ ਦਿੱਤੀ ਕਿ ਮ੍ਰਿਕ ਦਾ ਚਿਹਰਾ ਚਪਟਾ, ਰੰਗ ਸਾਂਵਲਾ, ਸਿਰ ਦੇ ਵਾਲ ਕਾਲੇ ਚਿੱਟੇ ਅਤੇ ਦਾੜ੍ਹੀ ਕੱਟੀ ਹੋਈ ਹੈ।ਲਾਸ਼ ਨੂੰ ਸ਼ਨਾਖ਼ਤ ਲਈ ਸਿਵਲ ਹਸਪਤਾਲ ਦੇ ਮੁਰਦਾਘਰ 'ਚ ਰਖਵਾ ਦਿੱਤਾ ਗਿਆ ਹੈ।

ਕਾਂਗਰਸ ਦੇ ਜ਼ਿਲ੍ਹਾ ਯੂਥ ਸਕੱਤਰ ਰਵੀ ਕੁਮਾਰ ਨੇ ਸਾਥੀਆਂ ਸਮੇਤ ਫੜਿਆ 'ਆਪ' ਦਾ ਪੱਲਾ

ਜਲੰਧਰ, (ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)-ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਆਪ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਕਸਬਾ ਖੁਰਲਾ ਕਿੰਗਰਾ ਵਿਖੇ ਹਜਾਰਾਂ ਵਰਕਰਾਂ ਅਤੇ ਸਮਰਥਕਾਂ ਨਾਲ ਇੱਕ ਵਿਸ਼ਾਲ ਰੈਲੀ ਕੱਢੀ ਗਈ। ਇਸ ਦੌਰਾਨ ਮਾਨ ਸਰਕਾਰ ਦੇ ਕੰਮਾਂ ਤੋਂ ਪ੍ਰਭਾਵਿਤ ਕਾਂਗਰਸ ਦੇ ਜ਼ਿਲਾ ਯੂਥ ਸਕੱਤਰ ਰਵੀ ਕੁਮਾਰ ਨੇ ਵੀ ਆਪਣੇ ਸਾਥੀਆਂ ਸਮੇਤ ਫੜਿਆ 'ਆਪ' ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ। ਇਸ ਮੌਕੇ ਪੰਜਾਬ 'ਆਪ' ਦੇ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ,ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ,ਵਿਧਾਇਕ ਹਰਦੀਪ ਸਿੰਘ ਮੁੰਡੀਆ, 'ਆਪ' ਪੰਜਾਬ ਸਟੇਟ ਸਕੱਤਰ ਰਾਜਵਿੰਦਰ ਕੌਰ ਥਿਆੜਾ, ਸੁਰਿੰਦਰ ਸਿੰਘ ਸੋਢੀ, ਚੇਅਰਮੈਨ ਮੰਗਲ ਸਿੰਘ ,ਜਗਬੀਰ ਸਿੰਘ ਬਰਾੜ, ਡਾਕਟਰ ਹਰਪਾਲ ਸਿੰਘ, ਅਮਰੀਕ ਬਾਗੜੀ, ਆਤਮ

27-April-PAGE- 3 qxd.qxd 4/26/2023 10:22 PM Page 1

ਅਧਿਆਪਕਾਂ ਦੀਆਂ ਤਰੱਕੀਆਂ ਜਲਦ ਕੀਤੀਆਂ ਜਾਣ : ਜੀ ਟੀ ਯੂ

ਧਾਰੀਵਾਲ (ਮਨਦੀਪ ਸਿੰਘ ਵਿੱਕੀ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਮੀਟਿੰਗ ਸਥਾਨਕ ਗੁਰੂ ਨਾਨਕ ਪਾਰਕ ਗੁਰਦਾਸਪੁਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੂਰੋਵਾਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਪੰਜਾਬ ਯੂ ਟੀ ਸਾਂਝਾ ਫਰੰਟ ਦੇ ਐਕਸ਼ਨਾਂ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਜਾਵੇਗਾ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਬਰਨਾਲਾ ਜਨਰਲ ਕੌਂਸਲ ਦੇ ਫੈਸਲੇ ਮੁਤਾਬਕ ਨਵੀਂ ਸਿੱਖਿਆ ਨੀਤੀ ਦੇ ਵਿਰੋਧ ਵਿਚ ਬਲਾਕ ਪੱਧਰੀ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਜੂਨ ਦੇ ਪਹਿਲੇ ਹਫਤੇ ਸਿੱਖਿਆ ਦਫਤਰ ਸਾਹਮਣੇ ਅਧਿਆਪਕਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ ਕੀਤੇ ਜਾਣ ਵਾਲੇ ਐਕਸ਼ਨ ਦੀ ਤਿਆਰੀ ਸਬੰਧੀ ਵਿਚਾਰ ਕੀਤੀ ਗਈ। ਮੀਟਿੰਗ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਨਵੀਂ ਸਿੱਖਿਆ ਨੀਤੀ ਵਾਪਸ ਲਈ ਜਾਵੇ, ਸਕੂਲ ਆਫ ਐਮੀਨੈਂਸ ਦੀ ਥਾਂ ਸਾਰੇ ਸਕੂਲਾਂ ਨੂੰ ਜਮਾਤਵਾਰ ਅਤੇ ਵਿਸ਼ਾਵਾਰ ਅਧਿਆਪਕ ਦਿੱਤੇ ਜਾਣ। ਹਰ ਸਕੂਲ ਵਿੱਚ ਇਮਾਰਤਾਂ ਅਤੇ ਹੋਰ ਸਹੂਲਤਾਂ ਤੁਰੰਤ ਦਿੱਤੀਆਂ ਜਾਣ। ਅਧਿਆਪਕਾਂ ਦੀਆਂ ਤਰੱਕੀਆਂ ਜਲਦ ਕੀਤੀਆਂ ਜਾਣ। ਈ ਟੀ ਟੀ ਤੋਂ ਮਾਸਟਰ ਕੇਡਰ, ਹੈੱਡ ਟੀਚਰ, ਸੈਂਟਰ ਹੈੱਡ ਟੀਚਰ/ਲੈਕਚਰਾਰ/ਹੈੱਡਮਾਸਟਰ/ਪ੍ਰਿੰਸੀਪਲ ਦੀਆਂ ਤਰੱਕੀਆਂ ਸਾਲਾਂਬੱਧੀ ਨਹੀਂ ਕੀਤੀਆਂ ਜਾਂਦੀਆਂ। ਦਾਖਲਿਆਂ ਲਈ ਬੇਲੋੜਾ ਦਬਾਅ ਬਣਾਉਣ ਦੀ ਨਿੰਦਾ ਕੀਤੀ ਗਈ। ਅਧਿਆਪਕਾਂ ਤੋਂ ਗੈਰ-ਵਿਦਿਅਕ ਕੰਮ ਲੈਣੇ ਬੰਦ ਕੀਤੇ ਜਾਣ, ਬਦਲੀਆਂ ਕਰਨ ਤੋਂ ਪਹਿਲਾਂ ਡੈਟਾ ਦਰੁਸਤ ਕੀਤਾ ਜਾਵੇ ਅਤੇ ਤਰੱਕੀਆਂ ਤੁਰੰਤ ਕੀਤੀਆਂ ਜਾਣ। ਮੀਟਿੰਗ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਦਿਲਦਾਰ ਭੰਡਾਲ, ਪਸਸਫ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ, ਬਲਵਿੰਦਰ ਕੁਮਾਰ, ਮੰਗਲਦੀਪ, ਰਮੇਸ਼ ਕੁਮਾਰ ਖੁੰਡਾ, ਨਰਿੰਦਰ ਸਰਮਾ, ਹਰਪ੍ਰੀਤ ਸਿੰਘ, ਜੋਤ ਪ੍ਰਕਾਸ਼ ਸਿੰਘ ਅਤੇ ਕਪਿਲ ਸ਼ਰਮਾ ਆਦਿ ਹਾਜ਼ਰ ਸਨ।

'ਆਓ ਧਰਤੀ ਬਚਾਈਏ' ਨੇ ਦਿੱਤਾ ਰੁੱਖ ਲਾਉਣ ਦਾ ਸੁਨੇਹਾ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ, ਝਬਾਲ ਵਿਖੇ 24 ਅਪ੍ਰੈਲ, ਦਿਨ ਸੋਮਵਾਰ ਨੂੰ ਵਿਸ਼ਵ ਧਰਤੀ ਦਿਵਸ ਮਨਾਇਆ ਗਿਆ। ਸਵੇਰ ਦੀ ਸਭਾ ਵਿੱਚ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਲਵਲੀਨ ਕੌਰ ਵੱਲੋਂ ਵਿਸ਼ਵ ਧਰਤੀ ਦਿਵਸ ਬਾਰੇ ਜਾਣਕਾਰੀ ਦਿੱਤੀ ਗਈ ਅਤੇ 'ਆਓ ਧਰਤੀ ਬਚਾਈਏ' ਐਕਟ ਰਾਹੀਂ ਵਿਦਿਆਰਥੀਆਂ ਨੂੰ ਧਰਤੀ ਉੱਤੇ ਹੋ ਰਹੇ ਪ੍ਰਦੂਸ਼ਣ ਤੋਂ ਜਾਗਰੂਕ ਕਰਦਿਆਂ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ ਗਿਆ। ਮੈਡਮ ਪਰਮਜੀਤ ਕੌਰ ਵੱਲੋਂ ਵਿਦਿਆਰਥੀਆਂ ਨੂੰ ਗਲੋਬਲ ਵਾਰਮਿੰਗ ਨਾਲ ਹੋ ਰਹੇ ਨੁਕਸਾਨ ਤੋਂ ਜਾਣੂ ਕਰਵਾਇਆ ਗਿਆ। ਇਸੇ ਨਾਲ ਸਬੰਧਤ ਨੌਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੀ ਪੋਸਟਰ ਮੇਕਿੰਗ ਐਕਟੀਵਿਟੀ ਕਰਵਾਈ ਗਈ। ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਪ੍ਰਦੂਸ਼ਣ ਨਾਲ ਹੋ ਰਹੇ ਨੁਕਸਾਨ ਬਾਰੇ ਜਾਣੂ ਕਰਵਾਉਂਦਿਆਂ ਵੱਧ ਤੋਂ ਵੱਧ ਰੁੱਖ ਲਗਾ ਕੇ ਧਰਤੀ ਨੂੰ ਸੁੰਦਰ ਬਣਾਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਕੂਲ ਦਾ ਸਮੂਹ ਸਟਾਫ ਵੀ ਹਾਜ਼ਰ ਸੀ।

ਐੱਸ ਈ ਖਹਿਰਾ ਦੀ ਬਦਲੀ ਰੱਦ ਹੋਈ ਤਾਂ ਹੋਵੇਗਾ ਤਿੱਖਾ ਸੰਘਰਸ਼ : ਟੈਕਸੀ ਯੂਨੀਅਨ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਬੀਤੇ ਦਿਨੀਂ ਜ਼ਿਲ੍ਹਾ ਤਰਨਤਾਰਨ 'ਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ. ਦੇ ਐੱਸ ਈ ਦੀ ਬਦਲੀ ਨੂੰ ਲੈ ਕੇ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਖਹਿਰਾ ਦੀ ਡਿਊਟੀ ਦੌਰਾਨ ਈਮਾਨਦਾਰੀ ਦੇ ਜਿਥੇ ਸੋਹਲੇ ਗਾਏ ਜਾ ਰਹੇ ਹਨ ਉਥੇ ਜਿਨ੍ਹਾਂ ਖਪਤਕਾਰਾਂ ਨੂੰ ਖਹਿਰਾ ਨੇ ਚੈਕਿੰਗ ਦੇ ਨਾਂ 'ਤੇ ਭਾਰੀ ਜੁਰਮਾਨੇ ਪਾਏ ਉਨ੍ਹਾਂ ਨੇ ਬਦਲੀ ਹੋਣ 'ਤੇ ਸੁੱਖ ਦਾ ਸਾਹ ਲਿਆ। ਖਹਿਰਾ ਦੀ ਬਦਲੀ ਦੇ ਸਿਆਸੀ ਰੰਗਤ ਲੈਣ ਤੋਂ ਬਾਅਦ ਕਿਸਾਨ ਜਥੇਬੰਦੀਆਂ ਵੱਲੋਂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਖਹਿਰਾ ਦੀ ਬਦਲੀ ਨੂੰ ਰੱਦ ਕਰਵਾਉਣ ਲਈ ਮੀਟਿੰਗ ਬੇਸਿੱਟਾ ਰਹੀ। ਹੁਣ ਟੈਕਸੀ ਯੂਨੀਅਨ ਜ਼ਿਲ੍ਹਾ ਤਰਨਤਾਰਨ ਪੰਜਾਬ ਵੱਲੋਂ ਪ੍ਰਧਾਨ ਇਕਬਾਲ ਸਿੰਘ ਜੌਹਲ, ਵਾਈਸ ਪ੍ਰਧਾਨ ਜਸਵਿੰਦਰ ਸਿੰਘ ਰਾਜੂ, ਚੇਅਰਮੈਨ ਸੁਲੱਖਣ ਸਿੰਘ ਗੋਇੰਦਵਾਲ, ਹੀਰਾ ਸਿੰਘ ਖਡੂਰ ਸਾਹਿਬ, ਸੁਖਬੀਰ ਸਿੰਘ ਤਰਨਤਾਰਨ, ਸੰਮਾ ਹਰੀਕੇ, ਜ਼ੋਨ ਪ੍ਰਧਾਨ ਕਾਕਾ ਸੁਖਬੀਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਗੁਰਸ਼ਰਨ ਸਿੰਘ ਖਹਿਰਾ ਐਸਈ ਨੇ ਆਪਣੇ ਅਹੁਦੇ ਸਮੇਂ ਚੈਕਿੰਗ ਦੇ ਬਹਾਨੇ ਲੋਕਾਂ ਨੂੰ ਭਾਰੀ ਜੁਰਮਾਨੇ ਪਾਏ ਤੇ ਲੋਕਾਂ ਦੇ ਘਰਾਂ ਵਿੱਚ ਜਾ ਕੇ ਤੰਗ ਪ੍ਰੇਸ਼ਾਨ ਕੀਤਾ। ਜਥੇਬੰਦੀ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਸੀ। ਉਨ੍ਹਾਂ ਦੀ ਜਥੇਬੰਦੀ ਬਦਲੀ ਰੱਦ ਕਰਨ ਦਾ ਵਿਰੋਧ ਕਰਦੀ ਹੈ। ਕੁਝ ਸਿਆਸੀ ਆਗੂਆਂ ਵੱਲੋਂ ਆਪਣੀਆਂ ਰੋਟੀਆਂ ਸੇਕਣ ਲਈ ਬੀਤੇ ਦਿਨੀਂ ਤਰਨਤਾਰਨ 'ਚ ਧਰਨਾ ਲਾਇਆ ਗਿਆ ਸੀ ਜੋ ਕਿ ਬਿਲਕੁਲ ਝੂਠ ਦਾ ਪੁਲੰਦਾ ਸੀ। ਹੁਣ ਕੋਈ ਧਰਨਾ ਲੱਗਦਾ ਹੈ ਤਾਂ ਸਾਡੀ ਜਥੇਬੰਦੀ ਵੱਲੋਂ ਵੀ ਐਸੀ ਖਹਿਰਾ ਦੀ ਬਦਲੀ ਬਹਾਲ ਕਰਵਾਉਣ ਲਈ ਧਰਨਾ ਲਗਾਇਆ ਜਾਵੇਗਾ। ਆਗੂਆਂ ਨੇ ਸਰਕਾਰ ਤੇ ਮਹਿਕਮੇ ਨੂੰ ਸਖਤ ਸ਼ਬਦਾਂ ਵਿਚ ਚਿਤਾਵਨੀ ਦਿੱਤੀ ਕਿ ਜੇਕਰ ਖਹਿਰਾ ਦੀ ਬਦਲੀ ਰੱਦ ਕੀਤੀ ਤਾਂ ਸੰਘਰਸ਼ ਤੋਂ ਗੁਰੇਜ਼ ਨਹੀਂ ਕੀਤਾ ਜਾਵੇਗਾ। ਇਸਦੀ ਜ਼ਿੰਮੇਵਾਰੀ ਸਰਕਾਰ ਤੇ ਪ੍ਰਸ਼ਾਸਨ ਦੀ ਹੋਵੇਗੀ।

ਡੱਡਵਾਂ 'ਚ ਸਿਹਤ ਜਾਗਰੂਕਤਾ ਸੈਮੀਨਾਰ ਤੇ ਮੁਫਤ ਹੋਮਿਓਪੈਥਿਕ ਮੈਡੀਕਲ ਕੈਂਪ ਲਗਾਇਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਹੋਮਿਓਪੈਥਿਕ ਵਿਭਾਗ ਚੰਡੀਗੜ੍ਹ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਐੱਚਸੀ ਧਾਰੀਵਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ: ਮਨਿੰਦਰਜੀਤ ਸਿੰਘ ਦੀ ਨਿਗਰਾਨੀ ਹੇਠ ਡਾ: ਅਮਰਿੰਦਰ ਸਿੰਘ ਕਲੇਰ ਮੈਡੀਕਲ ਅਫਸਰ ਹੋਮਿਓਪੈਥੀ ਸੀਐੱਚਸੀ ਧਾਰੀਵਾਲ ਵੱਲੋਂ ਮਨਦੀਪ ਕੌਰ ਸੀਐੱਚਓ ਸਬ ਸੈਂਟਰ ਡੱਡਵਾਂ ਅਤੇ ਐੱਨਸੀਡੀ ਵਿਭਾਗ ਧਾਰੀਵਾਲ ਦੇ ਸਹਿਯੋਗ ਨਾਲ ਸਿਹਤ ਜਾਗਰੂਕਤਾ ਸੈਮੀਨਾਰ ਅਤੇ ਮੁਫਤ ਹੋਮਿਓਪੈਥਿਕ ਮੈਡੀਕਲ ਕੈਂਪ ਸਬ ਸੈਂਟਰ ਡੱਡਵਾਂ (ਧਾਰੀਵਾਲ) ਵਿਖੇ ਲਗਾਇਆ ਗਿਆ। ਕੈਂਪ ਦੌਰਾਨ ਐੱਨਸੀਡੀ ਵਿਭਾਗ ਧਾਰੀਵਾਲ ਵੱਲੋਂ ਬੀ.ਪੀ,. ਸ਼ੂਗਰ ਦੇ ਮਰੀਜ਼ਾਂ ਦੇ ਮੁਫਤ ਟੈਸਟ ਕੀਤੇ ਗਏ। ਡਾ. ਕਲੇਰ ਨੇ ਦੱਸਿਆ ਕੇ ਕੈਂਪ ਦੌਰਾਨ ਚਮੜੀ ਰੋਗ, ਜੋੜ ਦਰਦਾਂ, ਦਿਲ, ਬੁਖਾਰ, ਮਾਨਸਿਕ ਬੀਮਾਰੀਆਂ, ਐਲਰਜੀ, ਦਮਾ, ਜਿਗਰ ਦੀਆਂ ਤਕਲੀਫਾਂ ਵਾਲੇ ਮਰੀਜ਼ਾਂ ਨੂੰ ਮੁਫਤ ਹੋਮਿਓਪੈਥਿਕ ਦਵਾਈਆਂ ਦੇ ਕੇ ਇਲਾਜ ਸ਼ੁਰੂ ਕੀਤਾ। ਡਾ: ਕਲੇਰ ਨੇ ਕਿਹਾ ਕਿ ਮਰੀਜ਼ ਦਵਾਈ ਖਤਮ ਹੋਣ ਉਪਰੰਤ ਹੋਮਿਓਪੈਥਿਕ ਵਿਭਾਗ ਸੀਐੱਚਸੀ ਧਾਰੀਵਾਲ ਤੋਂ ਮੁਫਤ ਦਵਾਈਆਂ ਲੈ ਸਕਦੇ ਹਨ। ਡਾ: ਕਲੇਰ ਨੇ ਕੈਂਪ ਦੌਰਾਨ ਹਾਜ਼ਰੀਨ ਨੂੰ ਮਲੇਰੀਏ ਤੋਂ ਬਚਣ ਦੀ ਜਾਣਕਾਰੀ ਦਿੰਦਿਆਂ ਤੰਦਰੁਸਤ ਖਾਣਾ ਖਾਣ ਅਤੇ ਸਾਫ ਸਫਾਈ ਰੱਖਣ ਲਈ ਸੁਚੇਤ ਕੀਤਾ ਅਤੇ ਪੌਸ਼ਟਿਕ ਆਹਾਰ ਦੀ ਜਾਣਕਾਰੀ ਦਿੱਤੀ। ਡਾ: ਅਮਰਿੰਦਰ ਸਿੰਘ ਕਲੇਰ ਨੇ ਕਿਹਾ ਕਿ ਸਹੀ ਹੋਮਿਓਪੈਥਿਕ ਸਿਧਾਂਤਾਂ ਅਨੁਸਾਰ ਮਰੀਜ਼ ਦੇ ਮਾਨਸਿਕ ਅਤੇ ਸਰੀਰਿਕ ਲੱਛਣਾਂ ਦੇ ਆਧਾਰ 'ਤੇ ਸਹੀ ਇਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ ਜੋ ਰੋਗ ਨਹੀਂ ਰੋਗੀ ਨੂੰ ਠੀਕ ਕਰਦੀ ਹੈ। ਇਸ ਤਰੀਕੇ ਨਾਲ ਦਿੱਤੀ ਹੋਮਿਓਪੈਥਿਕ ਦਵਾਈ ਲਾਇਲਾਜ ਰੋਗੀਆਂ ਨੂੰ ਠੀਕ ਕਰ ਸਕਦੀ ਹੈ। ਇਸ ਸਮੇਂ ਰਾਜ ਕੁਮਾਰ ਹੋਮਿਓਪੈਥਿਕ ਡਿਸਪੈਂਸਰ, ਸੁਖਚੈਨ ਸਿੰਘ, ਜੈ ਸ਼੍ਰੀ, ਮਨਦੀਪ ਕੌਰ, ਤਸਵੀਰ ਸਿੰਘ, ਹਰਿੰਦਰ ਸਿੰਘ, ਜਗਜੀਤ ਸਿੰਘ, ਮਿਨਾਕਸ਼ੀ ਸ਼ਰਮਾ, ਬਲਜੀਤ ਕੌਰ ਸਟਾਫ, ਆਸ਼ਾ ਵਰਕਰ ਬੇਵੀ, ਨੀਲਮ, ਸੁਨੀਤਾ, ਸਤਵਿੰਦਰ ਕੌਰ, ਪਿੰਕੀ ਆਦਿ ਤੋਂ ਇਲਵਾ ਪਿੰਡ ਵਾਸੀ ਹਾਜ਼ਰ ਸਨ।

ਸੀ ਐੱਚ ਸੀ ਤਰਸਿੱਕਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ

ਟਾਂਗਰਾ (ਲਾਡੀ ਮੱਲ੍ਹੀ)-ਸਿਵਲ ਸਿਵਲ ਸਰਜਨ ਅੰਮ੍ਰਿਤਸਰ ਡਾ. ਚਰਨਜੀਤ ਸਿੰਘ ਤੇ ਜ਼ਿਲ੍ਹਾ ਮਲੇਰੀਆ ਅਫਸਰ ਡਾਕਟਰ ਮਦਨ ਮੋਹਨ ਤੋਂ ਮਿਲੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸੀਐੱਚਸੀ ਤਰਸਿੱਕਾ ਵਿਖੇ ਐੱਸਐੱਮਓ ਤਰਸਿੱਕਾ ਡਾ. ਮੋਨਾ ਚਤਰਥ ਦੀ ਅਗਵਾਈ ਹੇਠ ਸੀਐੱਚਸੀ ਤਰਸਿੱਕਾ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ ਜਿਸ ਵਿੱਚ ਪਹੁਚੇ ਲੋਕਾਂ ਨੂੰ ਅਜਮੇਰ ਸਿੰਘ ਸੋਹੀ ਐੱਸਐੱਮਆਈ ਤਰਸਿੱਕਾ ਕੁਲਵਿੰਦਰਜੀਤ ਸਿੰਘ ਐੱਸਆਈ ਵਲੋਂ ਦੱਸਿਆ ਗਿਆ ਕਿ ਮਲੇਰੀਆ ਕਿਸ ਤਰ੍ਹਾਂ ਹੁੰਦਾ ਹੈ ਤੇ ਇਸ ਤੋਂ ਬਚਾਅ ਸਬੰਧੀ ਜਾਣਕਾਰੀ ਦਿੱਤੀ ਗਈ। ਲੋਕਾਂ ਨੂੰ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਇਕੱਠਾ ਨਾ ਹੋਣ ਦਿੱਤਾ ਜਾਵੇ। ਫਰਿੱਜਾਂ ਦੀ ਟ੍ਰੇਅ ਨੂੰ ਹਫਤੇ ਵਿਚ ਇਕ ਵਾਰ ਜ਼ਰੂਰ ਸਾਫ ਕੀਤਾ ਜਾਵੇ। ਕੂਲਰਾਂ ਦਾ ਪਾਣੀ ਹਫਤੇ ਵਿਚ ਇਕ ਵਾਰ ਜ਼ਰੂਰ ਸਾਫ ਕੀਤਾ ਜਾਵੇ। ਬੁਖਾਰ ਹੋਣ ਤੇ ਨੇੜਲੇ ਸਿਹਤ ਕੇਂਦਰ ਨਾਲ ਸੰਪਰਕ ਕੀਤਾ ਜਾਵੇ। ਰਾਤ ਸਮੇਂ ਮੱਛਰਦਾਨੀਆਂ ਦੀ ਵਰਤੋਂ ਕੀਤੀ ਜਾਵੇ।

ਮੱਛਰ ਭਜਾਉ ਸਾਧਨਾਂ ਦੀ ਵਰਤੋਂ ਕੀਤੀ ਜਾਵੇ। ਇਸ ਮੌਕੇ ਅਜਮੇਰ ਸਿੰਘ ਸੋਹੀ, ਐੱਸਐੱਮਆਈ ਤਰਸਿੱਕਾ ਕੁਲਵਿੰਦਰਜੀਤ ਸਿੰਘ, ਐਸਆਈ ਕੁਲਵਿੰਦਰ ਬਾਠ, ਡਾ. ਕੁਲਦੀਪ ਕੌਰ: ਡਾ. ਸਿਮਰਨਜੀਤ ਸਿੰਘ, ਡੈਂਟਲ ਸਰਜਨ ਜਸਮੇਰ ਸਿੰਘ, ਫਾਰਮੇਸੀ ਅਫਸਰ ਸਤਵਿੰਦਰਜੀਤ ਸਿੰਘ, ਐੱਮਐੱਲਟੀ ਪਰਮਜੀਤ ਸਿੰਘ, ਪਰਧਾਨ ਮੰਗਲ ਜੀਤ ਸਿੰਘ ਕੋਟ ਖਹਿਰਾ, ਪਰਮਜੀਤ ਸਿੰਘ ਚਵਿੰਡਾ ਤੇ ਸਮੂਹ ਸਟਾਫ ਤਰਸਿੱਕਾ ਹਾਜ਼ਰ ਸੀ।

ਸ੍ਰੀ ਗੁਰੂ ਹਨੂੰਮਾਨ ਅਖਾੜਾ 'ਚ ਭੇਜਿਆ 8 ਸਟੇਸ਼ਨ ਮਲਟੀਪਲ ਜਿਮ

ਬਟਾਲਾ (ਤਰਲੋਕ ਬੱਗਾ)—ਸਮਾਜ ਸੇਵੀ ਸੰਸਥਾ ਵਨ ਸਟੈਪ ਸੋਸਾਇਟੀ ਦੇ ਯਤਨਾਂ ਸਦਕਾ ਬਟਾਲਾ ਸ਼ਹਿਰ ਦੇ ਪ੍ਰਾਚੀਨ ਸ੍ਰੀ ਗੁਰੂ ਹਨੂੰਮਾਨ ਅਖਾੜਾ 'ਚ ਬੀਤੇ ਦਿਨ 8 ਸਟੇਸ਼ਨ ਮਲਟੀਪਲ ਜਿਮ ਦੀ ਸਥਾਪਨਾ ਕੀਤੀ ਗਈ ਜੋ ਕਿ ਪੰਜਾਬ ਸਰਕਾਰ ਵੱਲੋਂ ਭੇਜਿਆ ਗਿਆ ਸੀ। ਆਧੁਨਿਕ ਤਕਨੀਕ ਨਾਲ ਬਣੇ 8 ਸਟੇਸ਼ਨ ਮਲਟੀਪਲ ਜਿਮ ਦਾ ਅਖਾੜੇ ਵਿਚ ਲੱਗਣ ਨਾਲ ਪਹਿਲਵਾਨਾਂ ਅਤੇ ਬਾਡੀ ਬਿਲਡਰਾਂ 'ਚ ਖੁਸ਼ੀ ਦੀ ਲਹਿਰ ਹੈ। ਇਸ ਸੰਬੰਧ ਵਿਚ ਜਾਣਕਾਰੀ ਦਿੰਦੇ ਹੋਏ ਵਨ ਸਟੈਪ ਸੋਸਾਇਟੀ ਦੇ ਪ੍ਰਧਾਨ ਕਮਲ ਕੁਮਾਰ, ਸ੍ਰੀ ਗੁਰੂ ਹਨੂੰਮਾਨ ਅਖਾੜਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਦੱਸਿਆ ਕਿ ਦੈਨਿਕ ਪ੍ਰਾਰਥਨਾ ਸਭਾ ਦੇ ਅਧੀਨ ਆਉਂਦੇ ਸਰਵਜਨਕ ਸਥਾਨ ਸ੍ਰੀ ਗੁਰੂ ਹਨੂੰਮਾਨ ਅਖਾੜਾ ਦੇ ਪਹਿਲਵਾਨਾਂ ਦੇ ਲਈ ਅਖਾੜੇ ਦੇ ਨਾਲ ਨਾਲ ਬਾਡੀ ਬਿਲਡਰਾਂ ਦੇ ਲਈ ਜਿਮ ਵੀ ਬਣਾਇਆ ਗਿਆ ਹੈ ਜਿਸ ਦੀਆਂ ਮਸ਼ੀਨਾਂ ਸ਼ਹਿਰ ਦੇ ਵਧੇਰੇ ਆਧੁਨਿਕ ਜਿਮਾਂ ਦੇ ਮੁਕਾਬਲੇ ਕਾਫੀ ਪੁਰਾਣੀ ਹੋ ਚੁੱਕੀਆਂ ਸਨ। ਇਸ ਲਈ ਵਨ ਸਟੈਪ ਸੋਸਾਇਟੀ ਦੀ ਪੂਰੀ ਟੀਮ ਵਲੋਂ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੰਜਾਬ ਸਰਕਾਰ ਦੇ ਇਸ ਸਰਵਜਨਕ ਸਥਾਨ ਦੇ ਲਈ ਮਲਟੀਪਲ ਜਿਮ ਦੇਣ ਦੀ ਮੰਗ ਕੀਤੀ ਜਾ ਰਹੀ ਸੀ ਜੋ ਕੱਲ ਦੇਰ ਸ਼ਾਮ ਖੇਡ ਵਿਭਾਗ ਪੰਜਾਬ ਦੇ ਵੱਲੋਂ ਪੂਰੀ ਕੀਤੀ ਗਈ। ਵਨ ਸਟੈਪ ਸੋਸਾਇਟੀ ਦੀ ਪੂਰੀ ਟੀਮ ਵਲੋਂ ਖੇਡ ਮੰਤਰੀ ਮੀਤ ਹੇਅਰ, ਬਟਾਲਾ ਦੇ ਵਿਧਾਇਕ ਸ਼ੈਰੀ ਕਲਸੀ ਅਤੇ ਜ਼ਿਲ੍ਹਾ ਸਪੋਰਟਸ ਅਫਸਰ ਗੁਰਦਾਸਪੁਰ ਦਾ ਤਹਿ ਦਿੱਲੋਂ ਧੰਨਵਾਦ ਕੀਤਾ । ਸ੍ਰੀ ਹਨੂੰਮਾਨ ਅਖਾੜਾ ਪ੍ਰਬੰਧਕ ਕਮੇਟੀ ਨੇ ਦੱਸਿਆ ਕੀ ਬਾਡੀ ਬਿਲਡਿੰਗ ਕਰਨ ਦੇ ਇਛੁੱਕ ਵਿਅਕਤੀਆਂ ਕੋਲੋਂ ਕੇਵਲ ਨਾ ਮਾਤਰ ਹੀ ਫੀਸ ਲਈ ਜਾਂਦੀ ਹੈ ਜਿਸ ਨਾਲ ਜਿਮ ਰਿਪੇਅਰ ਦਾ ਖਰਚਾ ਚੱਲਦਾ ਰਹੇ। ਉਨ੍ਹਾਂ ਨੇ ਕਿਹਾ ਕਿ ਇਸਦਾ ਮੁੱਖ ਉਦੇਸ਼ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰੱਖ ਕੇ ਉਨ੍ਹਾਂ ਦੀ ਚੰਗੀ ਸਿਹਤ ਬਣਾਉਣ ਲਈ ਪ੍ਰੇਰਿਤ ਕਰਨਾ ਹੈ। ਇਸ ਮੌਕੇ ਅਖਾੜੇ ਦੇ ਸੀਨੀਅਰ ਬਾਡੀ ਬਿਲਡਰ ਨਰੇਸ਼ ਭਨੋਟ, ਪਹਿਲਵਾਨ ਵਿਪਨ ਸ਼ਰਮਾ, ਤਰਲੋਕ ਬੱਗਾ, ਧਰਮਿੰਦਰ ਕੁਮਾਰ, ਐਡਵੋਕੇਟ ਬਲਦੇਵ ਰਾਜ, ਪ੍ਰਵੀਨ ਸ਼ਰਮਾ, ਰਾਜ ਕੁਮਾਰ ਸੋਹਲ, ਰਾਜੇਸ਼ ਸ਼ੇਰਾ, ਰਿੰਪੀ ਕੋਛੜ, ਸੁਰਿੰਦਰ ਮਲਹੋਤਰਾ ਭੋਲਾ, ਸੰਨੀ, ਰਾਹੁਲ, ਭਸੀਨ, ਪਰਵੀਨ ਕੁਮਾਰ, ਗੀਆ, ਸਿਆ, ਕਾਜਲ ਅਤੇ ਹੇਮਰਾਜ ਹਾਜ਼ਰ ਸਨ।

ਸੁਨਿਆਰੇ ਨੂੰ ਗੋਲੀਆਂ ਮਾਰਨ ਵਾਲੇ ਦੋ ਅਣਛਾਤੇ ਨੌਜਵਾਨਾਂ ਵਿਰੁੱਧ ਕੇਸ ਦਰਜ

27-April-PAGE-4.qxd 4/26/2023 10:36 PM Page 1

ਨਵਾਂ ਜ਼ਮਾਨਾ
ਵੀਰਵਾਰ, 27 ਅਪ੍ਰੈਲ 2023

ਸੱਚ ਉੱਤੇ ਪਰਦਾ

ਨਵੇਂ ਖੁਲਾਸੇ ਤੋਂ ਬਾਅਦ ਪੀ ਐੱਮ ਰਿਲੀਫ ਫੰਡ ਦੇ ਮੁਕਾਬਲੇ 'ਤੇ ਬਣਾਇਆ ਗਿਆ ਪੀ ਐੱਮ ਕੇਅਰਜ਼ ਫੰਡ ਫਿਰ ਚਰਚਾ 'ਚ ਆ ਗਿਆ ਹੈ। ਉੱਘੀ ਅਖਬਾਰ 'ਬਿਜ਼ਨਸ ਸਟੈਂਡਰਡ' ਨੇ ਨੈਸ਼ਨਲ ਸਟਾਕ ਐਕਸਚੇਂਜ ਵਿਚ ਸੂਚੀਬੱਧ ਸਾਰੀਆਂ ਕੰਪਨੀਆਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਲਿਖਿਆ ਹੈ ਕਿ ਸਰਕਾਰ ਵੱਲੋਂ ਸੰਚਾਲਤ ਸੂਚੀਬੱਧ ਕੰਪਨੀਆਂ ਨੇ 2019-20 ਤੇ 2021-22 ਵਿਚਾਲੇ ਇਸ ਵਿਵਾਦਗ੍ਰਸਤ ਫੰਡ 'ਚ ਘੱਟੋ-ਘੱਟ 2913.6 ਕਰੋੜ ਰੁਪਏ ਦਾ ਯੋਗਦਾਨ ਦਿੱਤਾ। ਇਹ ਯੋਗਦਾਨ ਹੋਰਨਾਂ ਕੰਪਨੀਆਂ ਵੱਲੋਂ ਫੰਡ 'ਚ ਦਿੱਤੇ ਗਏ ਕੁਲ ਦਾਨ ਨਾਲੋਂ ਵੱਧ ਹੈ। ਇਹ ਕੁਲ ਦਾਨ 4910.5 ਕਰੋੜ ਦਾ 59.3 ਫੀਸਦੀ ਬੈਠਦਾ ਹੈ। ਸਿਖਰਲੀਆਂ ਪੰਜ ਦਾਨੀ ਸਰਕਾਰੀ ਕੰਪਨੀਆਂ 'ਚ ਆਇਲ ਐਂਡ ਨੈਚੁਰਲ ਗੈਸ ਕਾਰਪੋਰੇਸ਼ਨ (370 ਕਰੋੜ), ਐੱਨ ਟੀ ਪੀ ਸੀ (330 ਕਰੋੜ), ਪਾਵਰ ਗਰਿੱਡ ਕਾਰਪੋਰੇਸ਼ਨ ਆਫ ਇੰਡੀਆ (275 ਕਰੋੜ), ਇੰਡੀਅਨ ਆਇਲ ਕਾਰਪੋਰੇਸ਼ਨ (265 ਕਰੋੜ) ਤੇ ਪਾਵਰ ਫਾਈਨੈਂਸ ਕਾਰਪੋਰੇਸ਼ਨ (222.4 ਕਰੋੜ) ਸ਼ਾਮਲ ਹਨ। ਰਿਪੋਰਟ 'ਚ ਅਜਿਹੀਆਂ 57 ਕੰਪਨੀਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ 'ਚ ਸਰਕਾਰ ਦੀ ਅਹਿਮ ਹਿੱਸੇਦਾਰੀ ਹੈ। ਮਾਰਚ 2020 ਵਿਚ ਕਾਇਮ ਕੀਤਾ ਗਿਆ ਪੀ ਐੱਮ ਕੇਅਰਜ਼ ਫੰਡ ਵਿਵਾਦਾਂ ਵਿਚ ਚਲਿਆ ਆ ਰਿਹਾ ਹੈ। ਅਜਿਹਾ ਇਸ ਦੇ ਜਨਤਕ ਜਾਂਚ ਤੋਂ ਬਚਣ ਤੇ ਚੀਨੀ ਕੰਪਨੀਆਂ ਸਣੇ ਵਿਦੇਸ਼ੀ ਸੰਸਥਾਵਾਂ ਤੋਂ ਧਨ ਹਾਸਲ ਕਰਨ ਕਾਰਨ ਹੈ। ਮਾਮਲਾ ਅਦਾਲਤ 'ਚ ਗਿਆ ਤਾਂ ਕੇਂਦਰ ਸਰਕਾਰ ਨੇ ਜਨਵਰੀ 2023 'ਚ ਦਿੱਲੀ ਹਾਈ ਕੋਰਟ 'ਚ ਹਲਫਨਾਮਾ ਦੇ ਕੇ ਕਿਹਾ ਕਿ ਫੰਡ ਦਾ ਕੰਟਰੋਲ ਭਾਰਤ ਦੇ ਸੰਵਿਧਾਨ ਦੇ ਆਰਟੀਕਲ 12 ਤਹਿਤ ਭਾਰਤ ਸਰਕਾਰ ਦੇ ਹੱਥਾਂ 'ਚ ਨਹੀਂ ਹੈ। ਇਸ ਲਈ ਸੂਚਨਾ ਦੇ ਅਧਿਕਾਰ (ਆਰ ਟੀ ਆਈ) ਕਾਨੂੰਨ ਤਹਿਤ ਇਹ ਆਪਣੇ ਕੰਮਕਾਜ ਬਾਰੇ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਹੈ। ਇਸ ਨੇ ਇਹ ਵੀ ਕਿਹਾ ਸੀ ਕਿ ਫੰਡ ਨੂੰ ਚਲਾਉਣ ਵਾਲੇ ਟਰੱਸਟ ਨੂੰ ਕੋਈ ਸਰਕਾਰੀ ਪੈਸਾ ਨਹੀਂ ਮਿਲਦਾ। ਫੰਡ ਦੀ ਵੈੱਬਸਾਈਟ ਮੁਤਾਬਕ ਇਸ ਨੇ 2019-20 'ਚ 3076.6 ਕਰੋੜ ਰੁਪਏ ਇਕੱਠੇ ਕੀਤੇ ਸਨ, ਜਿਹੜੇ 2020-21 ਵਿਚ ਵਧ ਕੇ 10990.2 ਕਰੋੜ ਰੁਪਏ ਹੋ ਗਏ ਅਤੇ 2021-22 ਵਿਚ ਘਟ ਕੇ 9131.9 ਕਰੋੜ ਰਹਿ ਗਏ ਸਨ। ਇੰਜ ਲੱਗਦਾ ਹੈ ਕਿ ਪਹਿਲੇ ਸਾਲ ਵਿਚ ਰਕਮ ਦਾ ਵੱਡਾ ਹਿੱਸਾ ਕਾਰਪੋਰੇਟ ਇੰਡੀਆ ਦੇ ਸੀ ਐੱਸ ਆਰ (ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਿਟੀ) ਬਜਟ ਤੋਂ ਆਇਆ। 2019-20 ਵਿਚ ਕੁਝ ਦਿਨਾਂ ਦੇ ਹੀ ਸੰਚਾਲਨ 'ਚ ਫੰਡ ਨੇ 2049 ਕਰੋੜ ਰੁਪਏ ਖਰਚ ਕੀਤੇ। ਇਹ 2020-21 ਵਿਚ ਵਧ ਕੇ 3976.2 ਕਰੋੜ ਰੁਪਏ ਅਤੇ 2021-22 ਵਿਚ 3716.3 ਕਰੋੜ ਰੁਪਏ ਹੋ ਗਏ।

ਫੰਡ ਵਿਚ ਕਰੋੜਾਂ ਰੁਪਏ ਆ ਰਹੇ ਹਨ, ਪਰ ਉਸ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਕਿ ਪੈਸੇ ਖਰਚੇ ਕਿੱਥੇ ਜਾ ਰਹੇ ਹਨ। ਨਵੇਂ ਖੁਲਾਸੇ ਤੋਂ ਬਾਅਦ ਕਾਂਗਰਸ ਪਾਰਟੀ ਨੇ ਫੰਡ ਦੀ ਪਾਰਦਰਸ਼ਤਾ ਬਾਰੇ ਸਵਾਲ ਚੁੱਕਿਆ ਹੈ। ਪਾਰਟੀ ਦੇ ਬੁਲਾਰੇ ਤੇ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਮੰਗ ਕੀਤੀ ਹੈ ਕਿ ਫੰਡ ਪਾਰਦਰਸ਼ੀ ਹੋਣਾ ਚਾਹੀਦਾ ਹੈ ਤੇ ਇਸ ਲਈ ਜ਼ਿੰਮੇਦਾਰੀ ਤੈਅ ਹੋਣੀ ਚਾਹੀਦੀ ਹੈ। ਇਸ 'ਤੇ ਸੂਚਨਾ ਦਾ ਅਧਿਕਾਰ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ ਤੇ ਇਸ ਨੂੰ ਕਾਨੂੰਨੀ ਘੇਰੇ ਵਿਚ ਲਿਆਂਦਾ ਜਾਣਾ ਚਾਹੀਦਾ ਹੈ। ਫੰਡ ਵਿਚ 60 ਫੀਸਦੀ ਯੋਗਦਾਨ ਜਨਤਕ ਖੇਤਰ ਦੀਆਂ ਕੰਪਨੀਆਂ ਤੋਂ ਆਇਆ ਹੈ, ਜੋ ਕਿ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਹੈ, ਕਿਉਂਕਿ ਦੇਸ਼ ਦਾ ਸਭ ਤੋਂ ਉੱਚਾ ਦਫਤਰ ਕਾਨੂੰਨੀ ਘੇਰੇ ਤੋਂ ਬਾਹਰ ਜਾ ਕੇ ਪੈਸੇ ਇਕੱਠੇ ਕਰ ਰਿਹਾ ਹੈ। ਸਿੰਘਵੀ ਨੇ ਸਵਾਲ ਉਠਾਏ ਹਨ—ਕੀ ਦੇਸ਼ ਦੀ ਸਰਕਾਰ ਏਨਾ ਜ਼ਿਆਦਾ ਪੈਸਾ ਵਿਧਾਨ ਪਾਲਿਕਾ ਦੀ ਪ੍ਰਵਾਨਗੀ ਤੋਂ ਬਿਨਾਂ ਇਕੱਠਾ ਕਰ ਸਕਦੀ ਹੈ? ਇਸ ਲਈ ਕਿਸ ਦੀ ਜ਼ਿੰਮੇਦਾਰੀ ਤੈਅ ਕੀਤੀ ਜਾਵੇਗੀ? ਇਸ ਦੀ ਨਿਗਰਾਨੀ ਕੌਣ ਕਰ ਰਿਹਾ ਹੈ? ਸਿੰਘਵੀ ਦਾ ਕਹਿਣਾ ਹੈ ਕਿ ਫੰਡ ਨਾਲ ਸਪੱਸ਼ਟ ਤੌਰ 'ਤੇ ਨਿੱਜੀ ਹਿੱਤ ਜੁੜੇ ਹੋਏ ਹਨ। ਫੰਡ ਨੂੰ ਨਿਗਰਾਨੀ ਦੇ ਦਾਇਰੇ ਤੋਂ ਬਾਹਰ ਰੱਖਣ ਦਾ ਕਾਰਨ ਇਸ ਦਾ ਟਰੱਸਟ ਹੋਣਾ ਦੱਸਿਆ ਜਾ ਰਿਹਾ ਹੈ, ਜਦਕਿ ਸਚਾਈ ਇਹ ਹੈ ਕਿ ਇਸ 'ਚ ਬਹੁਤਾ ਪੈਸਾ ਜਨਤਕ ਖੇਤਰ ਦੀਆਂ ਕੰਪਨੀਆਂ ਨੇ ਦਿੱਤਾ ਹੈ। ਪੈਸਾ ਕਿੱਥੇ ਖਰਚਿਆ ਗਿਆ, ਇਸ ਬਾਰੇ ਵੀ ਕੁਝ ਨਹੀਂ ਦੱਸਿਆ ਜਾ ਰਿਹਾ।

ਪਾਠਕ ਸੱਥ

ਫਾਟਕ ਲੱਗਣ ਸਮੇਂ ਰੱਖੋ ਸਬਰ

ਸਾਨੂੰ ਆਪਣੇ ਰੋਜ਼ਮਰ੍ਹਾ ਦੇ ਕੰਮਕਾਜ ਲਈ ਅਕਸਰ ਹੀ ਘਰੋਂ ਬਾਹਰ ਜਾਣਾ ਪੈਂਦਾ ਹੈ, ਪ੍ਰੰਤੂ ਕਈ ਥਾਵਾਂ 'ਤੇ ਆਮ ਹੀ ਵੇਖਣ ਵਿੱਚ ਆਉਂਦਾ ਹੈ ਕਿ ਜਦੋਂ ਕਿਤੇ ਰੇਲਵੇ ਫਾਟਕ ਬੰਦ ਹੋਵੇ ਤਾਂ, ਬਹੁਤੇ ਲੋਕ ਕੁਝ ਮਿੰਟ ਤੱਕ ਵੀ ਆਪਣਾ ਸਬਰ ਨਹੀਂ ਰੱਖਦੇ। ਬਹੁਤੇ ਲੋਕ ਆਪਣੇ ਵਹੀਕਲ ਫਾਟਕ ਦੇ ਥੱਲੋਂ ਦੀ ਲਗਾਉਣ ਲੱਗ ਜਾਂਦੇ ਹਨ। ਬਹੁਤੇ ਲੋਕ ਰੇਲਵੇ ਲਾਈਨ ਉਪਰੋਂ ਹੀ ਮੋਟਰਸਾਈਕਲ ਆਦਿ ਲਗਾਉਣ ਲੱਗ ਜਾਂਦੇ ਹਨ। ਕਈ ਅਜਿਹੇ ਵੀ ਹੁੰਦੇ ਹਨ, ਜੋ ਆਪਣੇ ਪਾਸੇ ਤੋਂ ਹਟ ਕੇ ਸਾਹਮਣੇ ਤੋਂ ਆਉਣ ਵਾਲਿਆਂ ਦੇ ਅੱਗੇ ਹੋ ਕੇ ਰੁਕ ਜਾਂਦੇ ਹਨ।

ਸਾਨੂੰ ਹਮੇਸ਼ਾ ਹੀ ਯਾਦ ਰੱਖਣਾ ਚਾਹੀਦਾ ਹੈ ਕਿ ਰੇਲਵੇ ਲਾਈਨ ਤੋਂ ਲੰਘਣ ਦਾ ਸਭ ਤੋਂ ਪਹਿਲਾ ਅਧਿਕਾਰ ਰੇਲ ਗੱਡੀ ਦਾ ਹੀ ਹੁੰਦਾ ਹੈ। ਫਾਟਕ ਲੱਗਣ ਸਮੇਂ ਸਾਨੂੰ ਕੁਝ ਮਿੰਟ ਜ਼ਰੂਰ ਸਬਰ ਰੱਖਣਾ ਚਾਹੀਦਾ ਹੈ, ਤਾਂ ਜੋ ਸਾਰੇ ਜਲਦੀ ਤੇ ਆਸਾਨੀ ਨਾਲ ਫਾਟਕ ਖੁੱਲ੍ਹਣ ਉਪਰੰਤ ਆਪਣੀ ਸਾਈਡ ਤੋਂ ਨਿਕਲ ਸਕਣ।

-ਅੰਗਰੇਜ਼ ਸਿੰਘ ਵਿੱਕੀ, 98888-70822

ਆਖਰ ਕੁਦਰਤ ਨਾਲ ਖਿਲਵਾੜ ਕਿਉਂ?

ਅੱਜ ਹਵਾ, ਪਾਣੀ, ਧਰਤੀ ਸਭ ਕੁਝ ਪ੍ਰਦੂਸ਼ਤ ਹੋ ਗਿਆ ਹੈ । ਲੋਕ ਤਰ੍ਹਾਂ-ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਆਪਣੇ ਨਿੱਜੀ ਸਵਾਰਥਾਂ ਲਈ ਮਨੁੱਖ ਨੇ ਕੁਦਰਤ ਨਾਲ ਛੇੜਖਾਨੀ ਕੀਤੀ ਹੈ। ਪਹਾੜੀ ਖੇਤਰਾਂ ਵਿੱਚ ਵੀ ਵੱਡੀਆਂ-ਵੱਡੀਆਂ ਇਮਾਰਤਾਂ ਉਸਾਰ ਦਿੱਤੀਆਂ ਗਈਆਂ। ਨਦੀਆਂ-ਨਾਲਿਆਂ ਨੂੰ ਤੰਗ ਕਰ ਦਿੱਤਾ ਗਿਆ। ਜਨਸੰਖਿਆ ਨੂੰ ਵਸਾਉਣ ਲਈ ਜੰਗਲ ਤੱਕ ਕੱਟ ਦਿੱਤੇ ਗਏ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਅੱਜ ਵਿਸ਼ਵ ਵਿੱਚ ਭਾਰਤ ਜਨਸੰਖਿਆ ਪੱਖੋਂ ਪਹਿਲੇ ਨੰਬਰ 'ਤੇ ਆ ਚੁੱਕਿਆ ਹੈ । ਕੁਦਰਤ ਲਗਾਤਾਰ ਮਨੁੱਖ ਨੂੰ ਇਸ਼ਾਰੇ ਕਰ ਰਹੀ ਹੈ । 2005 ਵਿੱਚ ਸੁਨਾਮੀ ਨੇ ਬਹੁਤ ਕਹਿਰ ਮਚਾਇਆ । 2012 ਵਿੱਚ ਜੋ ਉੱਤਰਾਖੰਡ ਵਿੱਚ ਹੜ੍ਹਾਂ ਨੇ ਕਹਿਰ ਮਚਾਇਆ, ਉਹ ਅੱਜ ਵੀ ਨਹੀਂ ਭੁੱਲਦਾ । ਹੁਣ ਉਤਰਾਖੰਡ ਦੇ ਜੋਸ਼ੀਮੱਠ ਵਿੱਚ ਇਮਾਰਤਾਂ, ਲੋਕਾਂ ਦੇ ਘਰਾਂ ਵਿਚ ਵੱਡੀਆਂ-ਵੱਡੀਆਂ ਤਰੇੜਾਂ ਆ ਗਈਆਂ । ਇਨਸਾਨ ਫਿਰ ਵੀ ਨਹੀਂ ਸੁਧਰਿਆ । ਨਿੱਜੀ ਸਵਾਰਥਾਂ ਖਾਤਰ ਮਨੁੱਖ ਕੁਦਰਤ ਨਾਲ ਛੇੜ-ਛਾੜ ਕਰਨ ਤੋਂ ਬਾਜ਼ ਨਹੀਂ ਆ ਰਿਹਾ ਹੈ। ਹਾਲ ਹੀ 'ਚ ਤੁਰਕੀ ਵਿਖੇ ਭੁਚਾਲ ਕਾਰਨ ਹਜ਼ਾਰਾਂ ਜਾਨਾਂ ਚਲੀਆਂ ਗਈਆਂ। ਦਿਲ ਕੰਬਾਉਣ ਵਾਲੀਆਂ ਤਸਵੀਰਾਂ ਸਾਹਮਣੇ ਆਈਆਂ ਸਨ। ਫੈਕਟਰੀਆਂ ਦੀ ਰਹਿੰਦ-ਖੂੰਹਦ ਨੂੰ ਦਰਿਆਵਾਂ ਵਿੱਚ ਸੁਟਿਆ ਜਾ ਰਿਹਾ ਹੈ। ਪਿੱਛੇ ਜਿਹੇ ਬਿਆਸ ਦਰਿਆ ਵਿਚ ਫੈਕਟਰੀਆਂ ਦੀ ਰਹਿੰਦ-ਖੂੰਹਦ ਨੂੰ ਸੁੱਟਣ ਨਾਲ ਕਾਫੀ ਮੱਛੀਆਂ ਦੀ ਮੌਤ ਹੋ ਗਈ। ਪੰਜਾਬ ਵਿੱਚ ਚਿੱਟੀ ਵੇਈਂ, ਕਾਲਾ ਸੰਘਿਆ ਡਰੇਨ ਦਾ ਪਾਣੀ ਸਾਫ਼-ਸੁਥਰਾ ਹੋ ਚੁੱਕਿਆ ਸੀ । ਓਜ਼ੋਨ ਪਰਤ ਵਿੱਚ ਵੀ ਬਹੁਤ ਸੁਧਾਰ ਹੋਇਆ ਸੀ। ਬਿਆਸ ਦਰਿਆ ਵਿੱਚ ਡਾਲਫਿਨ ਨੇ ਆਨੰਦ ਮਾਣਿਆ ਸੀ । ਇਹ ਹੁਣ ਸੰਭਲਣ ਦਾ ਸਮਾਂ ਹੈ । ਕੋਰੋਨਾ ਮਹਾਂਮਾਰੀ ਸਮੇਂ ਲੋਕ ਕਿਵੇਂ ਆਕਸੀਜਨ ਲਈ ਤਰਸ ਰਹੇ ਸਨ । ਆਕਸੀਜਨ ਦੀ ਕਮੀ ਹੋ ਚੁੱਕੀ ਸੀ। ਜੇ ਅੱਜ ਦਰੱਖਤ ਹੁੰਦੇ ਤਾਂ ਇਹ ਸਭ ਕੁਝ ਦੇਖਣਾ ਨਹੀਂ ਪੈਂਦਾ। ਏਨਾ ਕੁਝ ਹੋ ਕੇ ਇਨਸਾਨ ਨਹੀਂ ਸੁਧਰਿਆ, ਤਾਂ ਉਹ ਇਨਸਾਨ ਕਹਾਉਣ ਦੇ ਲਾਇਕ ਨਹੀਂ ਹੈ । ਆਓ, ਅਸੀਂ ਸਾਰੇ ਹੀ ਪ੍ਰਣ ਕਰੀਏ ਕਿ ਆਪਣੇ ਵਾਤਾਵਰਣ ਨੂੰ ਹਰਿਆ-ਭਰਿਆ ਤੇ ਸਾਫ-ਸੁਥਰਾ ਰੱਖੀਏ, ਤਾਂ ਜੋ ਆਉਣ ਵਾਲੀਆਂ ਪੁਸ਼ਤਾਂ ਇਸ ਦਾ ਆਨੰਦ ਮਾਣ ਸਕਣ।

-ਸੰਜੀਵ ਸਿੰਘ ਸੈਣੀ; ਮੋਹਾਲੀ, 78889-66168

ਵਾਤਾਵਰਣ ਪ੍ਰਦੂਸ਼ਣ ਲਈ ਸਾਮਰਾਜੀ ਦੇਸ਼ਾਂ ਦੀਆਂ ਨੀਤੀਆਂ ਜ਼ਿੰਮੇਵਾਰ

ਸੁਖਮੰਦਰ ਸਿੰਘ ਤੂਰ

ਵਾਤਾਵਰਣ ਸੰਬੰਧੀ ਚਾਰ ਦਹਾਕੇ ਪਹਿਲਾਂ ਵੱਲ ਨਜ਼ਰ ਮਾਰੀਏ ਤਾਂ ਇਹ ਕੋਈ ਅਤਿਥਕਥਨੀ ਨਹੀਂ ਹੋਵੇਗੀ ਕਿ ਇਸ 'ਚ ਹਰ ਪੱਖੋਂ ਵਿਗਾੜ ਹੀ ਆਇਆ ਹੈ। ਅੱਜ ਖੁੱਲ੍ਹੀ ਮੰਡੀ ਦੇ ਨਾਂਅ ਹੇਠ ਅਮਰੀਕਨ ਸਾਮਰਾਜੀਆਂ ਵੱਲੋਂ ਆਪਣੀਆਂ ਨੀਤੀਆਂ ਨੂੰ ਸਮੁੱਚੇ ਸੰਸਾਰ ਵਿੱਚ ਲਾਗੂ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਨੀਤੀਆਂ ਦੀ ਮਾਰ ਹੇਠ ਵਾਤਾਵਰਣ ਵੀ ਆ ਜਾਂਦਾ ਹੈ। ਇਨ੍ਹਾਂ ਕਾਰਨ ਅੱਜ ਤੀਜੀ ਦੁਨੀਆ ਦੇ ਦੇਸ਼ਾਂ ਦੀ ਵਾਤਾਵਰਣ ਪ੍ਰਦੂਸ਼ਣ ਦੀ ਸਮੱਸਿਆ ਹੋਰ ਗੁੰਝਲਦਾਰ ਬਣਦੀ ਜਾ ਰਹੀ ਹੈ। ਵੈਸੇ ਵੀ ਸਾਮਰਾਜੀ ਦੇਸ਼ ਧੂੰਏਂ ਵਾਲੀਆਂ ਫੈਕਟਰੀਆਂ ਨੂੰ ਤੀਜੀ ਦੁਨੀਆ ਦੇ ਦੇਸ਼ਾਂ ਵਿੱਚ ਫਿਟ ਕਰਨ ਵੱਲ ਵਧ ਰਹੇ ਹਨ। ਸਮੁੱਚੀ ਦੁਨੀਆ ਦੇ ਦੇਸ਼ਾਂ ਵਿੱਚੋਂ ਇਕੱਲਾ ਅਮਰੀਕਾ ਹੀ ਕੁੱਲ ਦੁਨੀਆ ਦਾ ਚੌਥਾ ਹਿੱਸਾ ਕਾਰਬਨ ਡਾਈਆਕਸਾਈਡ ਗੈਸ ਵਾਯੂਮੰਡਲ ਵਿਚ ਭੇਜਦਾ ਹੈ। ਇੱਥੇ ਹੀ ਬੱਸ ਨਹੀਂ, ਅਮਰੀਕਾ ਦਾ ਔਸਤ ਦਰਜੇ ਦਾ ਇਕੋ ਸ਼ਟਲ, ਜੋ ਪੁਲਾੜ ਵਿਚ ਦਾਗਿਆ ਜਾਂਦਾ ਹੈ, ਲੱਗਭਗ 3 ਲੱਖ 75 ਹਜਾਰ ਟਨ ਕਾਰਬਨ ਡਾਈਆਕਸਾਈਡ ਦਾ ਨਿਰਮਾਣ ਕਰਦਾ ਹੈ , ਜੋ ਇਕੋ ਸਮੇਂ 10 ਲੱਖ ਟਨ ਓਜ਼ੋਨ ਦਾ ਵਿਨਾਸ਼ ਕਰਕੇ ਰੱਖ ਦਿੰਦਾ ਹੈ।

ਦੂਸਰੇ ਪਾਸੇ ਸਾਡੇ ਵਾਤਾਵਰਣ ਵਿਗਿਆਨੀ ਕਾਫੀ ਸਮੇਂ ਤੋਂ ਲਗਾਤਾਰ ਚਿਤਾਵਨੀ ਦਿੰਦੇ ਆ ਰਹੇ ਹਨ ਕਿ ਧਰਤੀ ਦਾ ਤਾਪਮਾਨ ਲਗਾਤਾਰ ਵਧ ਰਿਹਾ ਹੈ। ਇਸ ਦਾ ਮੁੱਖ ਕਾਰਨ ਵਾਯੂਮੰਡਲ ਵਿਚ ਕਾਰਬਨ ਡਾਈਆਕਸਾਈਡ, ਨਾਈਟਰੋਜਨ ਆਕਸਾਈਡ ਅਤੇ ਕਲੋਰੋ - ਫਲੋਰੋ ਕਾਰਬਨ ਦੀ ਮਿਕਦਾਰ ਦਾ ਦਿਨੋ-ਦਿਨ ਵਧਣਾ ਦੱਸਿਆ ਜਾ ਰਿਹਾ ਹੈ। ਤਰੱਕੀ ਯਾਫਤਾ ਦੇਸ਼ ਹਰ ਸਾਲ ਲੱਗਭਗ 25 ਕਰੋੜ ਟਨ ਕਾਰਬਨ ਮੋਨੋਔਕਸਾਈਡ, 19.5 ਕਰੋੜ ਟਨ ਸਲਫਰ ਡਾਇਆਔਕਸਾਈਡ ਅਤੇ 8.5 ਕਰੋੜ ਟਨ ਨਾਈਟਰਸ ਆਕਸਾਈਡ ਅਚੇਤ ਤੌਰ 'ਤੇ ਵਾਯੂ ਮੰਡਲ ਵਿਚ ਗੈਰ-ਕੁਦਰਤੀ ਵਰਤਾਰੇ ਅਧੀਨ ਧੱਕ ਰਹੇ ਹਨ, ਜਿਸ ਦੇ ਕਾਰਨ ਸਮੁੰਦਰ ਦਾ ਤਲ 20 ਤੋਂ 25 ਸੈਂਟੀਮੀਟਰ ਤੱਕ ਉੱਚ ਹੋਇਆ ਹੈ ਅਤੇ ਜੇਕਰ ਇਹ ਵਰਤਾਰਾ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਸਮੁੰਦਰੀ ਟਾਪੂ ਅਤੇ ਤੱਟੀ ਖੇਤਰ ਸੰਨ 2030 ਤੱਕ ਅਲੋਪ ਹੋ ਜਾਣ ਦਾ ਖਤਰਾ ਮੰਡਰਾ ਰਿਹਾ ਹੈ। ਇਸੇ ਤਰ੍ਹਾਂ ਇਸ ਦਾ ਸਿੱਟਾ ਓਜ਼ੋਨ ਪਰਤ ਦੇ ਛਿਦਣ ਕਾਰਨ ਪ੍ਰਿਥਵੀ 'ਤੇ ਆ ਰਹੀਆਂ ਖਤਰਨਾਕ ਸੂਰਜੀ ਕਿਰਨਾਂ ਹਨ, ਜਿਹੜੀਆਂ ਚਮੜੀ 'ਤੇ ਮਾਰੂ ਅਸਰ ਕਰਨ ਤੋਂ ਇਲਾਵਾ ਕੋਸ਼ਿਕਾਵਾਂ ਵਿਚ ਮੌਜੂਦ ਗੁਣ ਸੂਤਰਾਂ ਨਾਲ ਛੇੜਛਾੜ ਕਰ ਕੇ ਉਨ੍ਹਾਂ ਨੂੰ ਪ੍ਰਭਾਵਤ ਕਰਨ ਲਈ ਵੀ ਜ਼ਿੰਮੇਵਾਰ ਸਿੱਧ ਹੋ ਰਹੀਆਂ ਹਨ। ਧਰਤੀ ਦੇ ਵਾਯੂਮੰਡਲ ਦੇ ਤਾਪਮਾਨ ਦੇ ਇਸ ਤਰ੍ਹਾਂ ਵਧਣ ਦੇ ਵਰਤਾਰੇ ਨੂੰ ਗਰੀਨ ਹਾਊਸ ਪ੍ਰਭਾਵ ਆਖਿਆ ਜਾਂਦਾ ਹੈ। ਕਾਰਬਨ ਡਾਈਆਕਸਾਈਡ, ਜੋ ਸਾਡੇ ਵਾਯੂਮੰਡਲ ਵਿਚ ਹੈ ਅਤੇ ਧਰਤੀ ਦੇ ਤਾਪਮਾਨ ਨੂੰ ਬਨਸਪਤੀ ਤੇ ਜੀਵਾਂ ਦੇ ਰਹਿਣ ਲਈ ਅਨਕੂਲ ਸਥਿਰ ਰੱਖਣ ਲਈ ਧਰਤੀ ਦੀ ਸਤ੍ਹਾ ਤੋਂ ਪ੍ਰਵਰਤਿਤ ਹੋ ਕੇ ਜਾ ਰਹੀ ਊਰਜਾ ਨੂੰ ਆਪਣੇ-ਆਪ ਜਜ਼ਬ ਕਰਦੀ ਹੈ, ਪਰ ਵਾਯੂ ਮੰਡਲ ਵਿਚ ਇਸ ਗੈਸ ਦਾ ਵਧਣਾ ਖਤਰੇ ਤੋਂ ਖਾਲੀ ਨਹੀਂ। ਵਿਗਿਆਨੀਆਂ ਅਨੁਸਾਰ ਸਾਡੇ ਵਾਯੂਮੰਡਲ ਵਿਚ ਗੈਸਾਂ ਦਾ ਸੰਤੁਲਨ ਪਹਿਲਾਂ ਹੀ ਵਿਗੜ ਚੁੱਕਾ ਹੈ। ਤੀਸਰੀ ਦੁਨੀਆਂ ਦੇ ਦੇਸ਼ਾਂ ਵਿੱਚ ਖੁਰਾਕ ਤੇ ਰਹਿਣ-ਸਹਿਣ ਦੀਆਂ ਲੋੜਾਂ ਦੀ ਪੂਰਤੀ ਲਈ ਦਿਨੋ-ਦਿਨ ਹੋ ਰਹੀ ਜੰਗਲਾਂ ਦੀ ਕਟਾਈ ਵੀ ਸਾਡੇ ਵਾਯੂਮੰਡਲ ਦੇ ਵਿਗਾੜ ਦਾ ਵੱਡਾ ਕਾਰਨ ਹੈ।

ਇੱਥੇ ਹੀ ਬਸ ਨਹੀਂ, ਸਾਡੀ ਆਰਥਿਕਤਾ ਨੂੰ ਉੱਪਰ ਲਿਜਾਣ ਲਈ ਲੱਗੀ ਅੰਧਾਧੁੰਦ ਦੌੜ ਨੇ ਵੀ ਵਾਤਾਵਰਣ ਨੂੰ ਕਾਫੀ ਪ੍ਰਦੂਸ਼ਤ ਕੀਤਾ ਹੈ, ਪਰ ਦੂਜੇ ਪਾਸੇ ਅਸੀਂ ਪ੍ਰਦੂਸ਼ਣ ਨੂੰ ਰੋਕਣ ਲਈ ਬਿਲਕੁਲ ਬੇਧਿਆਨੇ ਹਾਂ, ਜਿਹੜਾ ਕਿ ਸਾਨੂੰ ਗੰਭੀਰ ਸੰਕਟ ਵੱਲ ਲਿਜਾ ਰਿਹਾ ਹੈ। ਵਾਤਾਵਰਣ ਦੀ ਤੇਜ਼ੀ ਨਾਲ ਵਿਗੜਦੀ ਜਾ ਰਹੀ ਸਥਿਤੀ ਨੂੰ ਸਾਡੀ ਨਾਲੋ-ਨਾਲ ਲਗਾਤਾਰ ਵਧਦੀ ਜਾ ਰਹੀ ਵਸੋਂ ਨੇ ਹੋਰ ਵੀ ਗੰਭੀਰ ਬਣਾ ਦਿੱਤਾ ਹੈ। ਇਸ ਵਸੋਂ ਦੀਆਂ ਮੂਲ ਤੇ ਫਜ਼ੂਲ ਲੋੜਾਂ ਪੂਰੀਆਂ ਕਰਨ ਲਈ ਉਦਯੋਗ ਅਤੇ ਖੇਤੀ ਸੈਕਟਰ ਉਤਾਵਲੇ ਹੋ ਰਹੇ ਹਨ, ਕਿਉਂਕਿ ਵਿਅਕਤੀਗਤ ਪੱਧਰ ਉੱਪਰ ਦੌਲਤ ਕਮਾਉਣ ਦੇ ਇਹ ਅਤੀ ਕਾਰਗਰ ਰਾਹ ਹਨ, ਇਸ ਲਈ ਸੰਜਮ ਅਤੇ ਸੰਕੋਚ ਛਿੱਕੇ ਟੰਗੇ ਰਹਿ ਗਏ ਹਨ। ਕੋਇਲੇ, ਤੇਲ ਅਤੇ ਗੈਸ ਬੇਥਹੇ ਵਰਤੇ ਜਾ ਰਹੇ ਹਨ ਅਤੇ ਬਿਜਲੀ ਦੀ ਮੰਗ ਲਗਾਤਾਰ ਵਧਦੀ ਜਾ ਰਹੀ ਹੈ। ਬਿਜਲੀ ਦੀ ਉਪਜ ਲਈ ਵੀ ਅਸੀਮਤ ਹੱਦ ਤੱਕ ਕੋਇਲਾ ਅਤੇ ਡੀਜ਼ਲ ਫੂਕੇ ਜਾ ਰਹੇ ਹਨ। ਇਸ ਸਭ ਕੁਝ ਦੇ ਉਪਫਲ ਵਜੋਂ ਕਾਰਬਨ ਵਾਯੂਮੰਡਲ ਅੰਦਰ ਟਨਾਂ ਮੂੰਹੀਂ ਰਚਦੀ ਜਾ ਰਹੀ ਹੈ। ਅੱਜ ਸ

27-APRIL-PAGE-5.qxd 4/26/2023 10:11 PM Page 1

ਪ੍ਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਅੰਦਰ ਮਨਾਹੀ ਦੇ ਹੁਕਮ ਜਾਰੀ

ਮਾਨਸਾ, (ਆਤਮਾ ਸਿੰਘ ਪਮਾਰ)-ਜ਼ਿਲ੍ਹਾ ਮੈਜਿਸਟ੍ਰੇਟ ਮਾਨਸਾ ਸ਼੍ਰੀਮਤੀ ਬਲਦੀਪ ਕੌਰ ਨੇ ਜਾਬਤਾ ਫੌਜਦਾਰੀ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ (ਪੀ.ਐਸ.ਟੀ.ਈ.ਟੀ) ਲਈ ਨਿਰਧਾਰਤ ਕੀਤੇ ਗਏ ਪ੍ਰੀਖਿਆ ਕੇਂਦਰਾਂ ਦੇ ਨਜ਼ਦੀਕ 100 ਮੀਟਰ ਦੇ ਘੇਰੇ ਅੰਦਰ ਮਨਾਹੀ ਦੇ ਹੁਕਮ ਕਰ ਦਿੱਤੇ ਹਨ।

ਹੁਕਮਾਂ ਵਿੱਚ ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਜ਼ਿਲ੍ਹੇ ਅੰਦਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰ) ਨੇੜੇ ਸਿਵਲ ਹਸਪਤਾਲ ਮਾਨਸਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਮਾਨਸਾ (ਨੋਡਲ ਸੈਂਟਰ) ਵਾਟਰ ਵਰਕਸ ਰੋਡ ਮਾਨਸਾ, ਸ਼੍ਰੀ ਚੇਤਨ ਸਿੰਘ ਸਰਵਹਿੱਤਕਾਰੀ ਸੈਕੰਡਰੀ ਸਕੂਲ ਮਾਨਸਾ ਜਵਾਹਰਕੇ ਰੋਡ, ਗਾਂਧੀ ਸੀਨੀਅਰ ਸੈਕੰਡਰੀ ਸਕੂਲ ਨੇੜੇ ਰੇਲਵੇ ਸਟੇਸ਼ਨ ਮਾਨਸਾ, ਮਾਈ ਨਿੱਕੋ ਦੇਵੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਨੇੜੇ ਰੇਲਵੇ ਸਟੇਸ਼ਨ ਮਾਨਸਾ, ਸ਼੍ਰੀ ਨਰਾਇਣ ਸ਼ਿਕਸ਼ਨ ਕੇਂਦਰ ਸੀਨੀਅਰ ਸੈਕੰਡਰੀ ਸਕੂਲ ਸਰਸਾ-ਬਰਨਾਲਾ ਰੋਡ ਮਾਨਸਾ, ਡੀ.ਏ.ਵੀ. ਸੈਨੇਟਰੀ ਸੀਨੀਅਰ ਸੈਕੰਡਰੀ ਸਕੂਲ ਮਾਨਸਾ 1 ਤੇ 2 ਵਾਟਰ ਵਰਕਸ ਰੋਡ ਮਾਨਸਾ ਅਤੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਮਾਨਸਾ 1 ਤੇ 2 ਸਰਸਾ-ਬਰਨਾਲਾ ਰੋਡ ਵਿਖੇ ਬਣੇ ਪ੍ਰੀਖਿਆ ਕੇਂਦਰਾਂ 'ਚ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਕਰਾਏ ਜਾਣੇ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਮਾਤਾ ਸੁੰਦਰੀ ਗਰਲਜ਼ ਕਾਲਜ ਨਿਊ ਕੋਰਟ ਰੋਡ ਨੇੜੇ ਬੱਸ ਸਟੈਂਡ ਮਾਨਸਾ, ਐਸ.ਡੀ. ਗਰਲਜ਼ ਕਾਲਜ ਨੇੜੇ ਸਿਵਲ ਹਸਪਤਾਲ ਮਾਨਸਾ, ਮਾਲਵਾ ਕਾਲਜ ਆਫ਼ ਟ੍ਰੇਨਿੰਗ ਐਂਡ ਐਜੂਕੇਸ਼ਨ ਮਲਕਪੁਰ ਖ਼ਿਆਲਾ, ਦਸਮੇਸ਼ ਪਬਲਿਕ ਸਕੂਲ ਕੋਟ ਰੋਡ ਮਾਨਸਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖ਼ਿਆਲਾ ਕਲਾਂ (ਕੁੜੀਆਂ), ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੈਣੀ ਬਾਘਾ ਤੇ ਸਮਰਫ਼ੀਲਡ ਪਬਲਿਕ ਸਕੂਲ ਚਕੇਰੀਆਂ ਰੋਡ ਮਾਨਸਾ, ਮਾਈ ਭਾਗੋ ਕਾਲਜ ਰੱਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੁੜੀਆਂ) ਬੁਢਲਾਡਾ, ਮਨੂੰ ਵਾਟਿਕਾ ਡੇਅ ਬੋਰਡਿੰਗ ਸਕੂਲ ਬੁਢਲਾਡਾ (ਪੀ.ਐਸ.ਈ.ਬੀ. ਵਿੰਗ ਤੇ ਸੀ.ਬੀ.ਐਸ.ਈ. ਵਿੰਗ) ਵਿਖੇ ਪੰਜਾਬ ਰਾਜ ਅਧਿਆਪਕ ਯੋਗਤਾ ਟੈਸਟ ਲਈ ਪ੍ਰੀਖਿਆ ਕੇਂਦਰ ਬਣਾਏ ਗਏ ਹਨ।ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਉਕਤ ਪ੍ਰੀਖਿਆ ਕੇਂਦਰਾਂ ਵਿੱਚ ਅਣਉੱਚਿਤ ਸਾਧਨਾਂ ਦਾ ਪ੍ਰਯੋਗ ਹੋਣ, ਪ੍ਰੀਖਿਆ ਸੈਂਟਰਾਂ ਦੇ ਆਲੇ-ਦੁਆਲੇ ਸ਼ਰਾਰਤੀ ਅਨਸਰਾਂ ਦੇ ਇਕੱਠੇ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ, ਜਿਸ ਨਾਲ ਉਨ੍ਹਾਂ ਵੱਲੋਂ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਦੀ ਪਵਿੱਤਰਤਾ ਤੇ ਅਨੁਸ਼ਾਸਨ ਨੂੰ ਭੰਗ ਕਰਨ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਇਸ ਲਈ ਇਨ੍ਹਾਂ ਪ੍ਰੀਖਿਆ ਕੇਂਦਰਾਂ ਦੇ ਨਜ਼ਦੀਕ 100 ਮੀਟਰ ਦੇ ਘੇਰੇ ਅੰਦਰ ਕਿਸੇ ਵੀ ਵਿਅਕਤੀ, ਵਿਅਕਤੀਆਂ ਵੱਲੋਂ ਨਕਲ ਕਰਾਉਣ ਦੇ ਮੰਤਵ ਲਈ ਖੜੇ ਹੋਣਾ, ਕਿਸੇ ਵੀ ਵਿਅਕਤੀ ਵੱਲੋਂ ਨਾਅਰੇ ਲਾਉਣ ਤੇ ਕਾਨੂੰਨ ਵਿਵਸਥਾ ਵਿੱਚ ਵਿਘਨ ਪਾਉਣ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਖਾਲਸਾ ਏਡ ਇੰਟਰਨੈਸ਼ਨਲ ਨੇ ਲੋੜਵੰਦ ਪਰਵਾਰਾਂ ਨੂੰ ਮੱਝਾਂ ਦਿੱਤੀਆਂ

ਮੱਖੂ, (ਰਛਪਾਲ ਸਿੰਘ ਸੰਧੂ) ਖਾਲਸਾ ਏਡ ਇੰਟਰਨੈਸ਼ਨਲ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਜ਼ਰੂਰਤਮੰਦਾਂ ਦੀ ਸਹਾਇਤਾ ਤੇ ਮੁੜ ਵਸੇਬੇ ਲਈ ਆਰਥਿਕ ਮਦਦ ਕੀਤੀ ਜਾਂਦੀ ਹੈ। ਸੰਸਥਾ ਵੱਲੋਂ ਲੰਗਰ ਲਾਉਣ ਦੇ ਨਾਲ-ਨਾਲ ਦਵਾਈਆਂ, ਕੱਪੜੇ, ਕਿਸਾਨਾਂ ਨੂੰ ਬੀਜ, ਖਾਦਾਂ ਤੋਂ ਇਲਾਵਾ ਸਵੈ ਰੁਜ਼ਗਾਰ ਲਈ ਦੁਧਾਰੂ ਪਸ਼ੂ ਮੁਹੱਈਆ ਕਰਾਏ ਜਾ ਰਹੇ ਹਨ।

ਸਰਹੱਦੀ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਦਰਿਆਈ ਖੇਤਰ ਵਿੱਚ ਵਸੇ ਕਿਸਾਨ ਜਿਨ੍ਹਾਂ ਦੇ ਪਸ਼ੂ ਹੜ੍ਹ ਜਾਂ ਲੰਪੀ ਸਕਿਨ ਬਿਮਾਰੀ ਦਾ ਸ਼ਿਕਾਰ ਹੋ ਕੇ ਮਾਰੇ ਗਏ ਸੀ, ਉਨ੍ਹਾਂ ਪਸ਼ੂ ਪਾਲਕਾਂ ਨੂੰ ਬਹੁਤ ਹੀ ਸ਼ਾਨਦਾਰ ਨਸਲ ਦੀਆਂ ਮੱਝਾਂ ਮੁਹੱਈਆ ਕਰਾ ਕੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਪੈਰਾਂ ਉਪਰ ਖੜਾ ਕਰਨ ਦੀ ਕਾਰਵਾਈ ਕੀਤੀ ਜਾ ਰਹੀ ਹੈ।

ਕਰੋਨਾ ਕਾਲ ਦੌਰਾਨ ਚਾਹੇ ਇਹ ਸੇਵਾ ਇਕ ਵਾਰ ਰੁਕ ਗਈ ਸੀ, ਪਰ ਹੁਣ ਫਿਰ ਪਸ਼ੂ ਪਾਲਕਾਂ ਨੂੰ ਦੁਧਾਰੂ ਪਸ਼ੂ ਦਿੱਤੇ ਜਾ ਰਹੇ ਹਨ। ਮਖੂ ਬਲਾਕ ਦੇ ਪਿੰਡ ਮਨੂੰ ਮਾਛੀ ਦੇ ਦੋ ਪਰਿਵਾਰ ਹੜ੍ਹ ਪੀੜਤ ਸੀ ਤੇ ਇੱਕ ਪਰਵਾਰ ਦਾ ਪਸ਼ੂ ਲੰਪੀ ਸਕਿਨ ਰੋਗ ਕਾਰਨ ਮਰ ਗਿਆ ਸੀ। ਇੱਕ ਪਰਵਾਰ ਲੋੜਵੰਦ ਸੀ, ਜਿਸਦੇ ਪਰਿਵਾਰ ਦਾ ਕੋਈ ਜੀਅ ਕਮਾਉਣ ਵਾਲਾ ਨਹੀਂ ਸੀ। ਇਸ ਪਰਵਾਰ ਵਿੱਚ ਛੇ ਮਹੀਨੇ ਵਿੱਚ ਪਿਓ-ਪੁੱਤ ਦੀ ਮੌਤ ਹੋਣ ਕਾਰਨ ਘਰ ਕਮਾਈ ਦਾ ਸਾਧਨ ਨਹੀਂ ਰਿਹਾ। ਹੁਣ ਇਸ ਘਰ 'ਚ ਇੱਕ ਨੌਜਵਾਨ ਲੜਕਾ ਹੈ, ਜੋ ਬਾਰ੍ਹਵੀਂ ਜਮਾਤ ਵਿਚ ਪੜ੍ਹਦਾ ਹੈ ਤੇ ਉਸ ਨੂੰ ਮੱਝ ਦਿੱਤੀ ਗਈ ਹੈ ਤਾਂ ਜੁ ਘਰ ਦਾ ਗੁਜ਼ਾਰਾ ਚੱਲ ਸਕੇ। ਮੱਝਾਂ ਪ੍ਰਾਪਤ ਕਰਨ ਵਾਲੇ ਕਿਸਾਨਾਂ ਨੇ ਖਾਲਸਾ ਏਡ ਦੇ ਮੁਖੀ ਰਵੀ ਸਿੰਘ ਦਾ ਧੰਨਵਾਦ ਕੀਤਾ ਤੇ ਵਿਸ਼ਵਾਸ ਦੁਆਇਆ ਕਿ ਉਹ ਇਨ੍ਹਾਂ ਪਸ਼ੂ ਪਾਲਣ ਦਾ ਕਿੱਤਾ ਅਪਣਾ ਕੇ ਆਪਣੇ ਪਰਵਾਰ ਦਾ ਪੇਟ ਪਾਲਣ ਦੇ ਯੋਗ ਹੋ ਜਾਣਗੇ। ਦੱਸ ਦੇਈਏ ਕਿ ਇਨ੍ਹਾਂ ਪਰਵਾਰਾਂ ਨੂੰ ਚੰਗੀ ਨਸਲ ਦੇ ਦੁਧਾਰੂ ਪਸ਼ੂ ਦੇਣ ਤੋਂ ਪਹਿਲਾਂ ਘਰ ਦੇ ਇਕ ਜੀਅ ਨੂੰ ਡੇਅਰੀ ਸਬੰਧੀ ਲੋੜੀਂਦਾ ਕੋਰਸ ਕਰਾਇਆ ਜਾਂਦਾ ਹੈ ਤਾਂ ਜੁ ਉਹ ਪਸ਼ੂ ਦੀ ਚੰਗੀ ਦੇਖ ਭਾਲ ਕਰ ਸਕਣ।

ਸਾਲਾਨਾ 1.77 ਕਰੋੜ ਮੱਛੀ ਪੂੰਗ ਪੈਦਾ ਕਰਕੇ ਮੋਹਰੀ ਬਣੇ ਸੰਗਰੂਰ ਤੇ ਬੇਨੜਾ ਦੇ ਸਰਕਾਰੀ ਮੱਛੀ ਪੂੰਗ ਕੇਂਦਰ

ਸੰਗਰੂਰ, (ਪ੍ਰਵੀਨ ਸਿੰਘ)-ਪੰਜਾਬ ਸਰਕਾਰ ਵੱਲੋਂ ਸੂਬੇ 'ਚ ਨੀਲੀ ਕ੍ਰਾਂਤੀ ਲਿਆਉਣ ਲਈ ਕੀਤੇ ਜਾ ਰਹੇ ਉਪਰਾਲਿਆਂ 'ਚ ਸੰਗਰੂਰ ਤੇ ਬੇਨੜਾ (ਧੂਰੀ) ਵਿਖੇ ਸਥਿਤ ਸਰਕਾਰੀ ਮੱਛੀ ਪੂੰਗ ਕੇਂਦਰ ਆਪਣਾ ਮਹੱਤਵਪੂਰਨ ਯੋਗਦਾਨ ਪਾਉਂਦੇ ਨਜ਼ਰ ਆ ਰਹੇ ਹਨ। ਸੰਗਰੂਰ ਸ਼ਹਿਰ ਵਿਖੇ ਮੱਛੀ ਪਾਲਣ ਵਿਭਾਗ ਦੇ ਦਫ਼ਤਰ ਦੇ ਨਾਲ ਹੀ ਸਥਿਤ ਸਰਕਾਰੀ ਮੱਛੀ ਪੂੰਗ ਕੇਂਦਰ ਜਿਥੇ ਸਾਲਾਨਾ ਕਰੀਬ 67 ਲੱਖ ਮੱਛੀ ਪੂੰਗ ਵਿਕਸਤ ਕਰਕੇ ਮੱਛੀ ਪਾਲਕਾਂ ਨੂੰ ਮੁਹੱਈਆ ਕਰਵਾ ਰਿਹਾ ਹੈ ਉਥੇ ਹੀ ਧੂਰੀ ਦੇ ਬੇਨੜਾ ਪਿੰਡ 'ਚ ਕਰੀਬ 20 ਏਕੜ ਰਕਬੇ ਵਿੱਚ ਬਣਿਆ ਸਰਕਾਰੀ ਮੱਛੀ ਪੂੰਗ ਫਾਰਮ 1 ਕਰੋੜ 10 ਲੱਖ ਦੀ ਪੈਦਾਵਾਰ ਨਾਲ ਸੂਬੇ ਦੇ ਮੋਹਰੀ ਮੱਛੀ ਪੂੰਗ ਫਾਰਮਾਂ ਦੀ ਕਤਾਰ 'ਚ ਸ਼ਾਮਲ ਹੈ। ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਮੱਛੀ ਪੂੰਗ ਦੇ ਉਤਪਾਦਨ ਵਿੱਚ ਵਾਧੇ ਦਾ ਇਹ ਸਿਲਸਿਲਾ ਪੰਜਾਬ ਸਰਕਾਰ ਦੇ ਸਾਰਥਕ ਯਤਨਾਂ ਸਦਕਾ ਨੌਜਵਾਨ ਵਰਗ ਤੇ ਬੇਰੁਜ਼ਗਾਰਾਂ 'ਚ ਇਸ ਸਹਾਇਕ ਕਿੱਤੇ ਨੂੰ ਅਪਣਾਉਣ ਪ੍ਰਤੀ ਵਧ ਰਹੀ ਰੁਚੀ ਦਾ ਸੰਕੇਤ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਤੇ ਮੱਛੀ ਪਾਲਕਾਂ ਨੂੰ ਸਰਕਾਰ ਵੱਲੋਂ ਮੱਛੀ ਪਾਲਣ ਲਈ ਟੋਭੇ ਦੀ ਪੁਟਾਈ ਤੋਂ ਲੈ ਕੇ ਹਰ ਉਸ ਕਾਰਜ ਲਈ ਸਬਸਿਡੀ ਦਿੱਤੀ ਜਾਂਦੀ ਹੈ ਜਿਸ ਨਾਲ ਇਹ ਕਿੱਤਾ ਕਰਨ ਵਾਲੇ ਆਰਥਕ ਤੌਰ 'ਤੇ ਲਾਭ ਲੈ ਸਕਣ। ਉਨ੍ਹਾ ਕਿਹਾ ਕਿ ਮੱਛੀ ਪਾਲਣ ਵਿਭਾਗ ਮੱਛੀ ਪਾਲਣ ਦੇ ਦਾਇਰੇ ਨੂੰ ਵਧਾਉਣ ਦੇ ਆਸ਼ੇ ਦੀ ਪੂਰਤੀ ਹਿੱਤ ਮੱਛੀ ਪੂੰਗ ਫਾਰਮਾਂ 'ਤੇ ਮੱਛੀ ਦੀਆਂ 5 ਕਿਸਮਾਂ ਦੀ ਬਰੀਡਿੰਗ ਕਰਵਾ ਕੇ ਮੱਛੀ ਪਾਲਕਾਂ ਨੂੰ ਇਹ ਮਿਆਰੀ ਕਿਸਮ ਦਾ ਪੂੰਗ ਮੁਹੱਈਆ ਕਰਵਾਇਆ ਜਾ ਰਿਹਾ ਹੈ। ਮੱਛੀ ਪਾਲਣ ਦੇ ਸਹਾਇਕ ਡਾਇਰੈਕਟਰ ਰਾਕੇਸ਼ ਕੁਮਾਰ ਨੇ ਦੱਸਿਆ ਕਿ ਮੱਛੀ ਪਾਲਣ ਦਾ ਕਿੱਤਾ ਆਮਦਨ ਦਾ ਵਧੀਆ ਸਰੋਤ ਹੈ ਅਤੇ ਬਹੁ ਗਿਣਤੀ ਲੋੜਵੰਦਾਂ ਲਈ ਰੋਜ਼ਗਾਰ ਦੇ ਸਾਧਨ ਵਜੋਂ ਵਿਕਸਤ ਹੋ ਰਿਹਾ ਹੈ। ਉਨ੍ਹਾ ਦੱਸਿਆ ਕਿ ਪਿਛਲੇ ਮਹੀਨੇ ਕਾਮਨ ਕਾਰਪ ਸਪਲਾਈ ਕੀਤਾ ਗਿਆ ਜਦਕਿ ਮੌਜੂਦਾ ਮਹੀਨੇ ਵਿੱਚ ਗਰਾਸ ਕਾਰਪ ਮੱਛੀਆਂ, ਮਈ ਵਿੱਚ ਰੋਹੂ ਤੇ ਮੁਰਾਖ ਜਦਕਿ ਜੁਲਾਈ ਵਿੱਚ ਕਤਲਾ ਦਾ ਪੂੰਗ ਦਿੱਤਾ ਜਾਵੇਗਾ ਤਾਂ ਜੋ ਮੱਛੀ ਪਾਲਕ ਵਧੀਆ ਕਿਸਮ ਦੀਆਂ ਮੱਛੀਆਂ ਹਾਸਲ ਕਰ ਸਕਣ।

'ਆਪ' ਜਲੰਧਰ ਜ਼ਿਮਨੀ ਚੋਣ ਵੱਡੇ ਫ਼ਰਕ ਨਾਲ ਜਿੱਤੇਗੀ : ਬਿਲਾਸਪੁਰ

ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ) 10 ਮਈ ਨੂੰ ਹੋਣ ਜਾ ਰਹੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਾਸਤੇ ਹਲਕਾ ਸੈਂਟਰਲ ਦੇ ਵਾਰਡ ਨੰਬਰ 7, 14 ਤੇ 15 ਵਿੱਚ ਪ੍ਰਚਾਰ ਦੀ ਜ਼ਿੰਮੇਵਾਰੀ ਨਿਭਾਅ ਰਹੇ ਹਲਕਾ ਨਿਹਾਲ ਸਿੰਘ ਵਾਲਾ ਤੋਂ ਮਨਜੀਤ ਸਿੰਘ ਬਿਲਾਸਪੁਰ ਨੇ ਕਿਹਾ ਕਿ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੁਸ਼ੀਲ ਕੁਮਾਰ ਰਿੰਕੂ ਵੱਡੇ ਫ਼ਰਕ ਨਾਲ ਜਿੱਤ ਪ੍ਰਾਪਤ ਕਰਨਗੇ।

ਵਿਧਾਇਕ ਬਿਲਾਸਪੁਰ ਕਿ ਆਮ ਆਦਮੀ ਪਾਰਟੀ ਨੇ ਸਰਕਾਰ ਬਣਨ ਤੋਂ ਤੇ ਕੈਬਿਨੇਟ ਦੀ ਪਹਿਲੀ ਮੀਟਿੰਗ ਤੋਂ ਹੀ ਪੰਜਾਬ ਦੀ ਤਰੱਕੀ ਦੇ ਫੈਸਲੇ ਲੈਣੇ ਸ਼ੁਰੂ ਕਰ ਦਿੱਤੇ ਸਨ, ਜੋ ਅੱਜ ਵੀ ਜਾਰੀ ਹੈ। ਪਹਿਲੀ ਕੈਬਨਿਟ ਮੀਟਿੰਗ ਵਿੱਚ 27 ਹਜ਼ਾਰ ਤੋਂ ਉੱਪਰ ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕਰਨ ਤੋਂ ਬਾਅਦ ਇੱਕ ਸਾਲ ਵਿੱਚ ਵਿੱਚ ਭਗਵੰਤ ਮਾਨ ਦੀ ਸਰਕਾਰ ਨੇ 28 ਹਜ਼ਾਰ ਤੋਂ ਉੱਪਰ ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਨੂੰ ਸਰਕਾਰੀ ਨੌਕਰੀਆਂ ਪ੍ਰਦਾਨ ਕੀਤੀਆਂ, ਇਸ ਤੋਂ ਇਲਾਵਾ ਸਮੂਹ ਪੰਜਾਬੀਆਂ ਦੇ ਬਿਜਲੀ ਬਿੱਲ ਜੀਰੋ ਆ ਰਹੇ ਹਨ, ਕਿਸਾਨ ਭਰਾਵਾਂ ਦੀ ਫ਼ਸਲ ਜੋ ਬੇਮੌਸਮੀ ਗੜ੍ਹੇਮਾਰੀ ਕਾਰਨ ਖਰਾਬ ਹੋ ਗਈ ਸੀ, ਫ਼ਸਲ ਮੰਡੀਆਂ ਵਿੱਚ ਆਉਣ ਤੋਂ ਪਹਿਲਾਂ ਹੀ ਮੁਆਵਜ਼ੇ ਦੀ ਰਕਮ ਕਿਸਾਨ ਭਰਾਵਾਂ ਦੇ ਖਾਤਿਆਂ ਵਿੱਚ ਜਾ ਚੁੱਕੀ ਹੈ।

ਪੰਜਾਬ ਦੇ ਲੋਕਾਂ ਨੂੰ ਇਹ ਵੀ ਪਹਿਲੀ ਵਾਰ ਪਤਾ ਲੱਗਾ ਕਿ ਟੋਲ ਪਲਾਜ਼ਿਆਂ ਦੀ ਬੰਦ ਕਰਨ ਦੀ ਤਰੀਕ ਵੀ ਨਿਸਚਿਤ ਹੁੰਦੀ ਹੈ ਕਿਉਂਕਿ ਮਾਨ ਸਰਕਾਰ ਤੋਂ ਪਹਿਲਾਂ ਕਿਸੇ ਵੀ ਸਰਕਾਰ ਨੇ ਟੋਲ ਪਲਾਜ਼ੇ ਬੰਦ ਨਹੀਂ ਕਰਾਏ ਸਨ। 500 ਤੋਂ ਉੱਪਰ ਮੁਹੱਲਾ ਕਲੀਨਿਕ ਖੋਲ੍ਹੇ ਗਏ, ਜਿਨ੍ਹਾਂ ਤੋਂ ਲੱਖਾਂ ਮਰੀਜ਼ ਫਾਇਦਾ ਲੈ ਚੁੱਕੇ ਹਨ। ਪੰਜਾਬ ਵਿੱਚ ਰੇਤਾ ਮਾਫੀਆ ਨੂੰ ਖਤਮ ਕਰਕੇ ਰੇਤੇ ਦੀਆਂ ਸਰਕਾਰੀ ਖੱਡਾਂ ਆਮ ਲੋਕਾਂ ਦੇ ਸਪੁਰਦ ਕੀਤੀਆਂ ਗਈਆਂ, ਜਿਨ੍ਹਾਂ ਤੋਂ 5:50 ਰੁਪਏ ਫੁੱਟ ਰੇਤਾ ਮਿਲ ਰਿਹਾ ਹੈ। ਅਨੇਕਾਂ ਹੀ ਹੋਰ ਐਸੇ ਕੰਮ 'ਆਪ' ਸਰਕਾਰ ਵੱਲੋਂ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਤੋਂ ਪੰਜਾਬ ਦੇ ਲੋਕ ਬਹੁਤ ਖੁਸ਼ ਹਨ ਤੇ ਜਲੰਧਰ ਦੇ ਲੋਕ ਵੀ ਸੁਸ਼ੀਲ ਕੁਮਾਰ ਨੂੰ ਜਿਤਾ ਕੇ ਲੋਕ ਸਭਾ ਭੇਜਣਗੇ ਤਾਂ ਜੁ ਮੈਂਬਰ ਪਾਰਲੀਮੈਂਟ ਨੂੰ ਜੋ ਫੰਡ ਮਿਲਦੇ ਹਨ, ਉਨ੍ਹਾਂ ਦਾ ਫ਼ਾਇਦਾ ਜਲੰਧਰ ਵਾਸੀ ਲੈ ਸਕਣ।

ਇਸ ਮੌਕੇ ਉਨ੍ਹਾਂ ਨਾਲ ਵਾਰਡ 7 ਦੇ ਇੰਚਾਰਜ ਅਸ਼ਵਨੀ ਕੁਮਾਰ, ਵਾਰਡ 14 ਦੇ ਇੰਚਾਰਜ ਜਸਵਿੰਦਰ ਬਿੱਲਾ, ਵਾਰਡ 15 ਦੇ ਇੰਚਾਰਜ ਪਰਵੀਨ ਭਲਵਾਨ, 'ਆਪ' ਦੇ ਬੁਲਾਰੇ ਅੰਮ੍ਰਿਤਪਾਲ ਸਿੰਘ ਖਾਲਸਾ, ਦਫ਼ਤਰ ਇੰਚਾਰਜ ਸੁਖਦੀਪ ਸਿੰਘ ਭਾਗੀਕੇ ਤੋਂ ਇਲਾਵਾ ਤਿੰਨੋਂ ਵਾਰਡਾਂ ਦੇ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਸਨ।

ਕਾਤਰਾਂ

ਜਿੱਥੇ ਖੁਦ ਕੰਮ ਕੀਤਾ, ਉਸ ਬਾਗ 'ਚ ਹੋਵੇਗਾ ਬਾਦਲ ਦਾ ਅੰਤਮ ਸੰਸਕਾਰ

ਮਲੋਟ, (ਗੁਰਮੀਤ ਸਿੰਘ ਮੱਕੜ):-ਸਿਆਸਤ ਦੇ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਜੋ ਬੀਤੀ ਰਾਤ ਸਵਰਗਵਾਸ ਹੋ ਗਏ ਸਨ, ਉਨ੍ਹਾਂ ਦਾ ਅੰਤਿਮ ਸੰਸਕਾਰ ਵੀਰਵਾਰ ਬਾਅਦ ਦੁਪਹਿਰ 1 ਵਜੇ ਪਿੰਡ ਬਾਦਲ ਵਿਖੇ ਹੋਵੇਗਾ। ਪਿੰਡ ਬਾਦਲ ਵਿਖੇ ਜਿਸ ਜਗ੍ਹਾ 'ਤੇ ਅੰਤਿਮ ਸੰਸਕਾਰ ਹੋਣਾ ਹੈ, ਉਹ ਬਾਦਲ ਪਰਵਾਰ ਦਾ ਜੱਦੀ ਬਾਗ ਹੈ। ਇਸ ਬਾਗ ਦਾ 2 ਏਕੜ ਏਰੀਆ ਪੁੱਟਿਆ ਜਾ ਰਿਹਾ ਹੈ। ਪਿੰਡ ਵਾਸੀ ਦੱਸਦੇ ਹਨ ਕਿ ਇਸ ਬਾਗ ਦੀ ਸਾਂਭ-ਸੰਭਾਲ ਦਾ ਬਾਦਲ ਖੁਦ ਖਿਆਲ ਕਰਦੇ ਰਹੇ ਹਨ। ਪਿੰਡ ਬਾਦਲ ਦੇ ਲੰਬੀ ਰੋਡ 'ਤੇ ਇਸ ਬਾਗ 'ਚ ਅੰਤਿਮ ਸੰਸਕ੍ਰਾਰ ਦੀ ਤਿਆਰੀ ਕ੍ਰੀਤੀ ਜਾ ਰਹੀ ਹੈ।

ਬਾਦਲ ਦੇ ਦੇਹਾਂਤ 'ਤੇ ਦੁੱਖ ਪ੍ਰਗਟ

ਦਿੜ੍ਹਬਾ ਮੰਡੀ, (ਜਸਵੀਰ ਲਾਡੀ)- ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਦੇਹਾਂਤ 'ਤੇ ਅਕਾਲੀ ਦਲ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਤੇਜਾ ਸਿੰਘ ਕਮਾਲਪੁਰ, ਸ਼੍ਰੋਮਣੀ ਕਮੇਟੀ ਮੈਂਬਰ ਮਲਕੀਤ ਕੌਰ ਕਮਾਲਪੁਰ, ਹਰਜਿੰਦਰ ਸਿੰਘ ਢੰਡੋਲੀ, ਸਾਬਕਾ ਸਰਪੰਚ ਸੱਤਜੀਤ ਸਿੰਘ ਦਿਆਲਗੜ੍ਹ, ਸਰਪੰਚ ਹਰਮਿੰਦਰ ਸਿੰਘ ਸ਼ੇਰਗਿੱਲ, ਸਰਕਲ ਪ੍ਰਧਾਨ ਉਪਿੰਦਰ ਹਨੀ ਛਾਜਲੀ, ਅਮਰੀਕ ਸਿੰਘ ਸੰਗਤੀਵਾਲਾ, ਲੋਕਲ ਕਮੇਟੀ ਪ੍ਰਧਾਨ ਹਰਨੇਕ ਸਿੰਘ ਪੂਨੀਆ, ਕਸ਼ਮੀਰ ਸਿੰਘ ਕੜਿਆਲ, ਸ੍ਰੀ ਰਾਮ ਛਾਜਲੀ, ਮੁਖਤਿਆਰ ਸਿੰਘ ਬ

page-6-27-(APRIL)-2023-G-(BV).qxd 4/26/2023 10:19 PM Page 1

ਕਲਾਸੀਫਾਈਡ ਇਸ਼ਤਿਹਾਰ

Change of Name

I, Navneet Kaur W/o Harkirat Singh R/o Suniaria Wali Gali, Ahiyapur, P.O. Urmar, Tehsil Dasuya (Hoshiarpur), Punjab, have changed my name to Surname (Kaur) and given name (Navneet) Now my name is Kaur Navneet for all the Purpose.

I, Harkirat Singh S/o Narinder Singh R/o Suniaria Wali Gali, Ahiyapur, P.O. Urmar, Tehsil Dasuya (Hoshiarpur), Punjab, have declare that my son's name is Harsimran Singh, have changed my son name to Surname (Singh) and Given name (Harsimran) now my son name is Singh Harsimran for all the Purpose

I, Harkirat Singh S/o Narinder Singh R/o Suniaria Wali Gali, Ahiyapur, P.O. Urmar, Tehsil Dasuya (Hoshiarpur), Punjab, have changed my name to Surname (Singh) and given name (Harkirat) now the name is Singh Harkirat for all the Purpose

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਲਵਦੀਪ ਸਿੰਘ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਸਬ-ਤਹਿਸੀਲ ਸ਼ਾਮਚੁਰਾਸੀ।

ਤਕਸੀਮ ਕੇਸ ਨੰਬਰ 5/ਐੱਨ ਟੀ ਐੱਸ

ਦਾਇਰ ਮਿਤੀ : 6.3.2023

ਵਿਸ਼ਾ-ਤਕਸੀਮ ਕੇਸ ਸ੍ਰੀ ਗੁਰਜੀਤ ਸਿੰਘ ਵਗੈਰਾ ਬਨਾਮ ਪ੍ਰਕਾਸ਼ ਕੌਰ ਵਗੈਰਾ ਵਾਕਿਆ ਰਕਬਾ ਪਿੰਡ ਅਧਿਕਾਰਾ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਉੱਤਰਵਾਦੀਆਂ ਦੀ ਅਖਬਾਰ ਰਾਹੀਂ ਪਬਲੀਕੇਸ਼ਨ ਕਰਾਉਣ ਬਾਰੇ।

ਉਪਰੋਕਤ ਤਕਸੀਮ ਕੇਸ ਇਸ ਅਦਾਲਤ ਵਿੱਚ ਚੱਲ ਰਿਹਾ ਹੈ। ਇਸ ਕੇਸ ਵਿੱਚ ਉਤਰਵਾਦੀਆਂ ਦੀ ਸਧਾਰਨ ਤਰੀਕੇ ਨਾਲ ਤਾਮੀਲ ਨਹੀਂ ਹੋ ਸਕੀ। ਉਕਤ ਤਕਸੀਮ ਕੇਸ ਦੀ ਅਗਲੀ ਤਾਰੀਖ ਪੇਸ਼ੀ ਮਿਤੀ 9.5.2023 ਨਿਸ਼ਚਿਤ ਕੀਤੀ ਗਈ ਹੈ। ਇਸ ਲਈ ਹੇਠ ਲਿਖੇ ਉਤਰਵਾਦੀਆਂ ਨੂੰ ਇਸ ਅਖਬਾਰ ਪਬਲੀਕੇਸ਼ਨ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੇਸ ਦੀ ਪੈਰਵੀਂ ਕਰਨ ਲਈ ਉਹ ਮਿਤੀ 9.5.2023 ਨੂੰ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆ ਕੇ ਉਕਤ ਕੇਸ ਦਾ ਇਸ਼ਤਿਹਾਰ ਛਪਣ ਤੋਂ ਬਾਅਦ ਮਿਤੀ 9.5.2023 ਨੂੰ ਆਪਣਾ ਪੱਖ ਪੇਸ਼ ਕਰ ਸਕਦੇ ਹਨ। ਨਿਸ਼ਚਿਤ ਮਿਤੀ ਤੋਂ ਬਾਅਦ ਕਿਸੇ ਦਾ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਬਣਦੀ ਲੋੜੀਂਦੀ ਕਾਰਵਾਈ ਕਰ ਦਿੱਤੀ ਜਾਵੇਗੀ।

1. ਪ੍ਰਕਾਸ਼ ਕੌਰ 2. ਮਹਿੰਦਰ ਕੌਰ 3. ਸੁਰਿੰਦਰ ਕੌਰ ਪੁੱਤਰੀਆਂ ਵਾ 4 ਮੋਹਨ ਸਿੰਘ 5. ਜੀਤ ਸਿੰਘ ਪੁੱਤਰ ਕਸ਼ਮੀਰਾ ਸਿੰਘ 6. ਸਵਰਨ ਸਿੰਘ ਪੁੱਤਰ ਸ਼ਿਵ ਸਿੰਘ 7. ਬੇਅੰਤ ਸਿੰਘ ਪੁੱਤਰ ਮੋਹਨ ਸਿੰਘ 8. ਮਹਿੰਦਰ ਕੌਰ ਪਤਨੀ ਗੁਰਬਖਸ਼ ਸਿੰਘ 9. ਹਿੰਮਤ ਸਿੰਘ ਪੁੱਤਰ ਸੁਮਿਤਰ ਸਿੰਘ ਵਾਸੀਆਨ ਪਿੰਡ ਅਧਿਕਾਰਾ ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ।

ਇਹ ਇਸ਼ਤਿਹਾਰ ਅੱਜ ਮਿਤੀ 25.4.2023 ਨੂੰ ਮੇਰੇ ਹਸਤਾਖਰ ਤੇ ਦਫਤਰ ਦੀ ਮੋਹਰ ਨਾਲ ਜਾਰੀ ਕੀਤਾ ਗਿਆ ਹੈ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਸਬ-ਤਹਿਸੀਲ ਸ਼ਾਮਚੁਰਾਸੀ।

ਨੰ: 182/ਐੱਨ ਟੀ ਐੱਸ ਮਿਤੀ : 25.4.2023

Court Notice

In the Court of Ms. Shampy Chaudhary Addl. Civil Judge (Sr. Divn), Amloh (P).

CNR No. PBFGA0-000310-2018

Next Date : 29.5.2023

M/S Kansal sons Steels limited Focal Point Mandi Gobindgarh, Tehsil Amloh, Distt. Fatehgarh Sahib through its Duly Authorized/Director Viond Kansal.

Versus

1. Tejinder Industries 1250/4 Kanganwal Road Industrial Area-C, Ludhiana through its Partners Tejinder Kumar and Bindra Ban. 2. Tejinder Kumar Partner of Tejinder Industries 1250/4 Kanganwal Road, Industrial Area-C, Ludhiana 3. Bindra Ban Partner of Tejinder Industries 1250/4 Kanganwal Road, Industrial Area-C, Ludhiana

Publication issued to : 1. Tejinder Industries 1250/4 Kanganwal Road, Industrial Area-C Ludhiana through its Partners Tejinder Kumar and Bindra Ban 2. Tejinder Kumar partner of Tejinder Industries 1250/4 Kanganwal Road Industrial Area-C, Ludhiana 3. Bindra Ban Partner of Tejinder Industries 1250/4 Kanganwal Road, Industrial Area-C, Ludhiana

In above titled case, the defendant(s) could not be served. It is ordered that defendant(s) should appear in person or through counsel on 29.5.2023 at 10.00 a.m.

For details logon to : https://highcourtchd.gov.in/?trs=district notice &district=Fatehgarh Sahib

Addl. Civil Judge (Sr. Divn), Amloh (P).

Dated, this day of 24.4.2023

Court Notice

In the Court of Paramjit Kaur Addl. Principal Judge Family Court, Amritsar.

CNR No. PBAS01-015035-2021

Next Date : 5.7.2023

Satnam Singh

Versus

Sukhjinder Kaur @ Neetu

Publication issued to : Sukhjinder Kaur @ Neetu Spouse : Satnam Singh D/o Surjit Singh B-Block, Chhoti Habowal, Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 5.7.2023 at 10.00 a.m.

For details logon to : https://highcourtchd.gov.in/?trs=district notice &district=Amritsar

Addl. Principal Judge Family Court, Amritsar

Dated, this day of 24.4.2023

Public Notice

I, Prem Nath S/o Piara Lal R/o H.No. 149, VPO. Sansarpur, Tehsil and Distt. Jalandhar, Punjab declare that my son Harsh Kumar & his wife Indu Bala @ Sonia are out of my control. I disinherit them from my movable and immovable properties. I and my family members shall not be held responsible for any kind of dealings done with them. All please note.

Court Notice

In the Court of Ms. Mehima Bhuler Civil Judge (Junior Division), Khanna.

CNR No. PBLDA0-000556-2020

Next Date : 21.7.2023

Buta Singh

Versus

Balram Singh

Publication issued to : Balram Singh S/o Harchand Singh R/o Vill. Rattan Beri, Tehsil Khanna, Distt. Ludhiana.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 21.7.2023 at 10.00 a.m.

For details logon to : https://highcourtchd.gov.in/?trs=district_notice &district=Ludhiana.

Civil Judge (Junior Division), Khanna.

Dated, this day of 25.4.2023

Court Notice

In the Court of

Sh. Amardeep Singh Bains

Addl. Civil Judge (Senior Division), Mukerian.

CNR No. PBHOC0-000702-2016

Next Date : 30.5.2023

Amar Singh S/o Ram Saran R/o Dugri Rajputan, Tehsil Mukerian, Distt. Hoshiarpur and others

Versus

Bimla Devi and others

Suit for separate possession

Publication issued to : 1. Dharmo D/o Munshi Ram 2. Nimo D/o Munshi Ram both R/o Vill. Dugri Rajputan, Tehsil Mukerian, Distt. Hoshiarpur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 30.5.2023 at 10.00 a.m.

For details logon to : https://highcourtchd.gov.in/?trs=district notice &district=Hoshiarpur

Addl. Civil Judge (Senior Division), Mukerian

Dated, this day of 25.4.2023

Court Notice

In the Court of Ms. Harmeet Kaur Paui Civil Judge (Junior Division)-17, Jalandhar.

CNR No. PBJL02-002127-2021

Next Date : 1.5.2023

Yadwinder Pal Singh Baath aged about 59 years S/o Sh. Balkair Singh S/o Sh. Bhagat Singh R/o H.No. 1068, Urban Estate Phase-1, Jalandhar City.

Versus

Paramjeet Singh S/o Sh. Kuldip Singh S/o Sh. Harbans Singh R/o H.No. 447, Near Peer Di Jagah, Armaan Nagar, Dakoha, Distt. Jalandhar.

Publication issued to : Harjinder Kaur D/o Hansa Singh Vill. Masanian, Distt. Gurdaspur.

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 1.5.2023 at 10.00 a.m.

For details logon to : https://highcourtchd.gov.in/?trs=district notice &district=Jalandhar

Civil Judge (Junior Division)-17, Jalandhar

Dated, this day of 26.4.2023

ਅਦਾਲਤੀ ਇਸ਼ਤਿਹਾਰ

ਬਾ ਅਦਾਲਤ-ਸ੍ਰੀ ਬੀਰਕਰਨ ਸਿੰਘ ਸਬ-ਰਜਿਸਟਰਾਰ ਅੰਮ੍ਰਿਤਸਰ-1

ਵਿਸ਼ਾ-ਤਬਦੀਲ ਮਲਕੀਅਤਨਾਮਾ ਰਜਿਸਟਰਡ ਇੰਡੀਅਨ ਰਜਿਸਟਰੇਸ਼ਨ ਐਕਟ ਅਧੀਨ ਤਸਦੀਕ ਕਰਨ ਬਾਰੇ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਨਜੀਤ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਮਕਾਨ ਨੰਬਰ 2719/11-40 ਸ਼ਹੀਦ ਭਗਤ ਸਿੰਘ ਰੋਡ ਬਜਾਰ ਬਕਰਵਾਨਾ, ਅੰਮ੍ਰਿਤਸਰ ਨੇ ਇੱਕ ਦਰਖਾਸਤ ਨਿਮਨ ਹਸਤਾਖਰ ਦੀ ਅਦਾਲਤ ਵਿੱਚ ਪੇਸ਼ ਕੀਤੀ ਹੈ, ਜਿਸ ਨਾਲ ਪ੍ਰਾਰਥੀ ਨੇ ਆਪਣੇ ਪਤੀ ਲੇਟ ਜੋਗਿੰਦਰ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਮਕਾਨ ਨੰਬਰ 2719/11-40 ਸ਼ਹੀਦ ਭਗਤ ਸਿੰਘ ਰੋਡ ਬਜਾਰ ਬਕਰਵਾਨਾ ਅੰਮ੍ਰਿਤਸਰ ਵੱਲੋਂ ਕੀਤੀ ਅਣ-ਰਜਿਸਟਰਡ ਵਸੀਅਤ ਨਾਲ ਨੱਥੀ ਕੀਤੀ ਅਤੇ ਆਪਣੀ ਦਰਖਾਸਤ ਵਿੱਚ ਲਿਖਿਆ ਕਿ ਲੇਟ ਜੋਗਿੰਦਰ ਸਿੰਘ ਦੀ ਮੌਤ ਮਿਤੀ 12.10.2004 ਨੂੰ ਹੋ ਚੁੱਕੀ ਹੈ ਅਤੇ ਉਹਨਾ ਨੇ ਆਪਣੀ ਮੌਤ ਤੋਂ ਪਹਿਲਾਂ ਇੱਕ ਅਣ-ਰਜਿਸਟਰਡ ਵਸੀਅਤ ਮਿਤੀ 18.9.2003 ਨੂੰ ਪਤਨੀ ਮਨਜੀਤ ਕੌਰ ਪਤਨੀ ਜੋਗਿੰਦਰ ਸਿੰਘ ਦੇ ਹੱਕ ਵਿੱਚ ਲਿਖਵਾਈ ਸੀ, ਜੋ ਕਿ ਕਿਸੇ ਕਾਰਨ ਉਹ ਰਜਿਸਟਰਡ ਨਹੀਂ ਕਰਵਾ ਸਕੇ। ਉਹ ਲੇਟ ਜੋਗਿੰਦਰ ਸਿੰਘ ਪੁੱਤਰ ਪ੍ਰਤਾਪ ਸਿੰਘ ਵੱਲੋਂ ਕਰਵਾਈ ਗਈ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਤਬਦੀਲ ਮਲਕੀਅਤ ਨਾਮਾ ਤਹਿਤ ਰਜਿਸਟਰਡ ਕਰਵਾਉਣਾ ਚਾਹੁੰਦੀ ਹਾਂ। ਲੇਟ ਜੋਗਿੰਦਰ ਸਿੰਘ ਪੁੱਤਰ ਪ੍ਰਤਾਪ ਸਿੰਘ ਦੇ ਵਾਰਸਾਂ ਅਤੇ ਆਮ ਜਨਤਾ ਦੀ ਜਾਣਕਾਰੀ ਲਈ ਅਖਬਾਰ ਵਿੱਚ ਇਸ਼ਤਿਹਾਰ ਦਿੱਤਾ ਜਾਵੇ ਕਿ ਇਹ ਤਬਦੀਲ ਮਲਕੀਅਤ ਨਾਮਾ ਐਕਟ ਅਧੀਨ ਤਸਦੀਕ ਹੋਣ ਵਿੱਚ ਕਿਸੇ ਨੂੰ ਕੋਈ ਇਤਰਾਜ਼ ਤਾਂ ਨਹੀਂ ਹੈ। ਜੇਕਰ ਕਿਸੇ ਧਿਰ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਇਸ਼ਤਿਹਾਰ ਜਾਰੀ ਹੋਣ ਤੋਂ 21 ਦਿਨਾਂ ਦੇ ਅੰਦਰ-ਅੰਦਰ ਹਾਜ਼ਰ ਹੋ ਕੇ ਉੱਜਰ ਪੇਸ਼ ਕਰ ਸਕਦਾ ਹੈ। ਬਾਅਦ ਵਿੱਚ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਬਾਅਦ ਤਬਦੀਲ ਮਲਕੀਅਤਨਾਮਾ ਤਸਦੀਕ ਕਰ ਦਿੱਤੀ ਜਾਵੇਗੀ। ਇਹ ਅਖਬਾਰ ਵਿੱਚ ਇਸ਼ਤਿਹਾਰ ਅੱਜ ਮਿਤੀ 17.4.2023 ਨੂੰ ਮੇਰੇ ਹਸਤਾਖਰ ਅਤੇ ਮੋਹਰ ਅਦਾਲਤ ਨਾਲ ਜਾਰੀ ਕੀਤਾ ਗਿਆ।

ਸਬ-ਰਜਿਸਟਰਾਰ, ਅੰਮ੍ਰਿਤਸਰ-1

Public Notice

I, Kuldeep Kaur W/o Raj Gopal R/o V.P.O. Lambra, Distt. Jalandhar, have declared that in some documents my date of birth is wrongly written as 20.9.1981. While my correct date of birth is 22.10.1981 as per PAN Card & Aadhar Card. Concerned note it. (7544)

ਆਮ ਸੂਚਨਾ

ਦੇਵੀ ਦਿਆਲ ਪੁੱਤਰ ਨਰੈਣ ਚੰਦ ਏਪੀ17/0726 ਮੂਨਕ ਦੇ ਨਾਮ ਮੋਟਰ ਕੂਨੈਕਸ਼ਨ ਹੈ। ਇਸ ਨੂੰ ਬਦਲ ਕੇ ਪਰਮਜੀਤ ਕੌਰ ਪਤਨੀ ਕੁਲਦੀਪ ਸਿੰਘ ਮਕੋਰੜ ਸਾਹਿਬ ਰਕਬਾ ਮੂਨਕ ਦੇ ਨਾਮ ਬਦਲੀ ਕਰਨ ਦੀ ਅਰਜੀ ਆਈ ਹੈ ਜੇਕਰ ਕਿਸੇ ਨੂੰ ਇਤਰਾਜ਼ ਹੈ ਤਾਂ 7 ਦਿਨਾ ਵਿੱਚ ਕਰ ਸਕਦਾ ਹੈ ਵਿੱਲੋਂ:-ਐਸ.ਡੀ.ਓ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਮੂਨਕ (ਰਾਜਪਾਲ)

ਮੈਂ, ਚੁੰਨੀ ਲਾਲ ਪੁੱਤਰ ਦੀਵਾਨ ਚੰਦ ਵਾਸੀ ਮਕਾਨ ਨੰ: 133, ਰਾਜ ਨਗਰ, ਬਸਤੀ ਬਾਵਾ ਖੇਲ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਜਵਾਈ ਅਮਨ ਕੁਮਾਰ ਪੁੱਤਰ ਸੁਰਿੰਦਰ ਸਿੰਘ ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਮੇਰੀ ਬੇਟੀ (ਗੀਤਾ ਰਾਣੀ) ਮੇਰੇ ਕੋਲ ਇੱਕ ਸਾਲ ਤੋਂ ਵੱਧ ਸਮੇਂ ਤੋਂ ਰਹਿ ਰਹੀ ਹੈ। ਅਮਨ ਕੁਮਾਰ ਨਾਲ ਮੇਰਾ ਕੋਈ ਸੰਬੰਧ ਨਹੀਂ। ਮੇਰੇ ਜਵਾਈ ਨਾਲ ਜੋ ਕੋਈ ਲੈਣ-ਦੇਣ ਕਰੇਗਾ, ਉਹ ਉਸ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਮਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਕੋਟ ਹਯਾਤ (ਅੰਮ੍ਰਿਤਸਰ) (ਕੁਨੈਕਸ਼ਨ ਪਿੰਡ ਤਰਸਿੱਕੇ ਵਾਲਾ) ਦੇ ਨਾਂਅ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ ਪੀ-34/0191 ਐੱਕਸ ਨੂੰ ਗੁਰਮੀਤ ਕੌਰ ਪਤਨੀ ਜਗਤਾਰ ਸਿੰਘ ਅਕਾਲਗੜ੍ਹ ਢੱਪਈਆਂ ਦੇ ਨਾਂਅ ਕਰਨ ਦੀ ਦਰਖਾਸਤ ਹੈ। ਇਤਰਾਜ਼ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਪਾਵਰਕਾਮ ਬਟਾਲੀ ਪੁੱਜਣ। (ਕੇ ਕੇ)

ਮੈਂ, ਰੇਸ਼ਮ ਕੌਰ ਪਤਨੀ ਲੇਟ ਜੋਗਿੰਦਰ ਪਾਲ ਵਾਸੀ ਪਿੰਡ ਕੋਟ ਰਾਂਝਾ, ਤਹਿ: ਨਵਾਂਸ਼ਹਿਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਆਪਣੇ ਪੁੱਤਰਾਂ ਬਸੰਤ ਲਾਲ, ਰੂਪ ਲਾਲ ਅਤੇ ਪੁੱਤਰੀਆਂ ਰੀਨਾ ਰਾਣੀ ਅਤੇ ਜਸਵੀਰ ਕੌਰ ਨੂੰ ਘਰੇਲੂ ਕਾਰਨਾਂ ਕਰਕੇ ਮਿਤੀ 28.12.2021 ਨੂੰ ਬੇਦਖਲ ਕੀਤਾ ਸੀ ਅਤੇ ਬੇਦਖਲੀ ਨੋਟਿਸ 'ਪਹਿਰੇਦਾਰ' ਅਖਬਾਰ ਵਿੱਚ ਦਿੱਤਾ ਸੀ, ਪਰ ਹੁਣ ਇਹ ਸਾਰੇ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਇਹਨਾਂ ਨੂੰ ਦਿੱਤੇ ਬੇਦਖਲੀ ਨੋਟਿਸ ਕੈਂਸਲ ਕਰਦੀ ਹਾਂ। (ਅਰਪਿਤ)

ਬੇਦਖਲੀ ਨੋਟਿਸ

ਅਸੀਂ, ਚਰਨ ਸਿੰਘ ਪੁੱਤਰ ਸਰਵਨ ਸਿੰਘ ਅਤੇ ਸੁਖਵਿੰਦਰ ਕੌਰ ਪਤਨੀ ਚਰਨ ਸਿੰਘ ਵਾਸੀ ਪਿੰਡ ਗੋਪਾਲਪੁਰ ਉਰਫ ਝਿੱਧੀਪੁਰ, ਜ਼ਿਲਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਰਣਜੀਤ ਸਿੰਘ ਜੋ ਕਿ ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਸਾਡਾ ਅਤੇ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸਬੰਧਿਤ ਨੋਟ ਕਰਨ।

ਮੈਂ, ਸੋਹਣ ਸਿੰਘ ਪੁੱਤਰ ਸ਼੍ਰੀ ਪਿਆਰਾ ਸਿੰਘ ਵਾਸੀ ਪਿੰਡ ਹਿਆਤਪੁਰ, ਡਾਕ: ਕੁੱਕੜਾਂ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰੀ ਨੂੰਹ ਪ੍ਰਭਜੋਤ ਕੌਰ ਵਿਧਵਾ ਗੁਰਦੀਪ ਸਿੰਘ ਅਤੇ ਇਨ੍ਹਾਂ ਦੀਆਂ ਦੋਵੇਂ ਪੁੱਤਰੀਆਂ ਜਸਮੀਤ ਕੌਰ ਅਤੇ ਹਰਲੀਨ ਕੌਰ ਅਤੇ ਲੜਕਾ ਮਨਕੀਰਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕਿਸੇ ਵੀ ਕਿਸਮ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਿਤ ਨੋਟ ਕਰਨ।

ਮੈਂ, ਰਮਜਾਨ ਮਹੰਮਦ ਪੁੱਤਰ ਨਵਾਬ ਅਲੀ, ਵਾਸੀ ਪਿੰਡ ਸਿੱਧਪੁਰ, ਜ਼ਿਲ੍ਹਾ ਕਪੂਰਥਲਾ, ਪੰਜਾਬ, ਦਾ ਰਹਿਣ ਵਾਲਾ ਹਾਂ। ਇਹ ਕਿ ਮੇਰਾ ਲੜਕਾ ਮਹੰਮਦ ਯੂਨਿਸ, ਜੋ ਕਿ ਮੇਰੇ ਕਹਿਣੇਕਾਰ ਤੋਂ ਬਾਹਰ ਹੈ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾ ਮੇਰੇ ਪਰਿਵਾਰ ਦੀ ਕਿਸੇ ਵੀ ਕਿਸਮ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਦਲੀਪ ਚੰਦ ਪੁੱਤਰ ਮਹਿੰਗਾ ਰਾਮ ਵਾਸੀ ਬਜਾਜ ਤਹਿਸੀਲ ਭੁਲੱਥ, ਜ਼ਿਲ੍ਹਾਂ ਕਪੂਰਥਲਾ ਹਲਫੀਆ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਜੀਵਨ ਕੁਮਾਰ ਅਤੇ ਇਸਦੀ ਪਤਨੀ ਗੁਰਬਖਸ਼ ਕੌਰ ਉਰਫ ਨੀਤੂ, ਜੋਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲੀ ਕਰਦਾ ਹਾਂ। ਜੋ ਕੋਈ ਵੀ ਇਨ੍ਹਾਂ ਦੋਵਾਂ ਨਾਲ ਕਿਸੇ ਕਿਸਮ ਦਾ ਲੈਣ ਦੇਣ ਕਰੇਗਾ ਉਹ ਖੁਦ ਜਿੰਮੇਵਾਰ ਹੋਵੇਗਾ। ਮੇਰੀ ਵਾ ਮੇਰੀ ਬਾਕੀ ਪਰਿਵਾਰ ਮੈਂਬਰਾਂ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ।

ਮੈਂ, ਬਲਜੀਤ ਕੌਰ ਪਤਨੀ ਕਸ਼ਮੀਰ ਸਿੰਘ ਵਾਸੀ ਪਿੰਡ ਝਬਾਲ ਕਲਾਂ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਗੁਰਸੇਵਕ ਸਿੰਘ ਉਰਫ ਗੋਪੀ ਅਤੇ ਉਸ ਦੀ ਪਤਨੀ ਨਵਨੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਚਰਨਜੀਤ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ 343, ਨੇੜੇ ਗੁਰਦੁਆਰਾ ਬਾਬਾ ਜੀਵਨ ਸਿੰਘ ਭਾਰਾ ਪੱਤੀ, ਵੇਰਕਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵਿਸ਼ਾਲ ਉਰਫ ਸ਼ਾਲੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਰੀਟਾ ਮਹਾਜਨ ਪਤਨੀ ਲੇਟ ਨਰੇਸ਼ ਮਹਾਜਨ ਵਾਸੀ ਮਕਾਨ ਨੰ. 94-ਏ, ਸ਼ਿਵਾਲਾ ਰੋਡ, ਤਿਲਕ ਨਗਰ, ਅੰਮ੍ਰਿਤਸਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਸ਼ਿਵਮ ਮਹਾਜਨ ਅਤੇ ਉਸ ਦੀ ਪਤਨੀ ਸਾਕਸ਼ੀ ਮ

27-APRIL-PAGE-7.qxd 4/26/2023 10:11 PM Page 1

ਆਂਗਣਵਾੜੀ ਮੁਲਾਜ਼ਮਾਂ ਨੇ ਸੀ ਡੀ ਪੀ ਓ ਰਾਹੀਂ ਮੰਗ ਪੱਤਰ ਮੁੱਖ ਮੰਤਰੀ ਨੂੰ ਭੇਜਿਆ

ਬੁਢਲਾਡਾ (ਅਸ਼ੋਕ ਲਾਕੜਾ) ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ (ਸੀਟੂ) ਦੇ ਸੂਬਾਈ ਸੱਦੇ ਤਹਿਤ ਬਲਾਕ ਦੀਆਂ ਆਗੂਆਂ ਨੇ ਸੀ.ਡੀ.ਪੀ.ਓ. ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂਅ ਮੰਗ ਪੱਤਰ ਸੌਂਪ ਕੇ ਮੰਗ ਕੀਤੀ ਕਿ ਪੰਜਾਬ ਸਰਕਾਰ ਦੁਆਰਾ ਆਂਗਣਵਾੜੀ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਧਾਰੀ ਚੁੱਪ ਤੋੜ ਕੇ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ ਮੰਨੀਆਂ ਜਾਣ ਅਤੇ ਮਾਣਯੋਗ ਸੁਪਰੀਮ ਕੋਰਟ ਦੇ 25 ਅਪ੍ਰੈਲ 2022 ਦੇ ਇਤਿਹਾਸਕ ਫੈਸਲੇ ਲਾਗੂ ਕਰਕੇ ਆਂਗਣਵਾੜੀ ਵਰਕਰਾਂ ਹੈਲਪਰਾਂ ਨੂੰ ਮਜ਼ਦੂਰ ਦਾ ਦਰਜਾ ਦੇ ਕੇ ਘੱਟੋ-ਘੱਟ ਉਜਰਤ ਦੇ ਘੇਰੇ ਵਿੱਚ ਲਿਆਂਦਾ ਜਾਵੇ। ਇਸੇ ਫੈਸਲੇ ਮੁਤਾਬਕ ਪੇਮੈਂਟ ਆਫ਼ ਗਰੈਚੁਟੀ ਐਕਟ 1972 ਦੇ ਤਹਿਤ ਗਰੈਚੁਟੀ ਦਾ ਹੱਕ ਵੀ ਦਿੱਤਾ ਜਾਵੇ।

ਜਥੇਬੰਦੀ ਦੀ ਬਲਾਕ ਆਗੂਆਂ ਤੇਜਿੰਦਰ ਕੌਰ ਵਾਲੀਆ ਤੇ ਮਨਜੀਤ ਕੌਰ ਬੀਰੋਕੇ ਨੇ ਦੱਸਿਆ ਕਿ ਸੁਪਰੀਮ ਕੋਰਟ ਆਪਣੇ ਫੈਸਲੇ ਵਿੱਚ ਕਿਹਾ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਵੱਲੋਂ ਦਿੱਤੇ ਜਾ ਰਿਹਾ ਮਿਹਨਤਾਨੇ ਨੂੰ ਮਾਣਭੱਤਾ ਨਹੀਂ, ਮਜ਼ਦੂਰੀ ਦਾ ਰੂਪ ਦੇਣਾ ਚਾਹੀਦਾ ਹੈ ਅਤੇ ਵਰਕਰਾਂ ਅਤੇ ਹੈਲਪਰਾਂ ਨੂੰ ਬਿਹਤਰ ਸੇਵਾਵਾਂ ਸ਼ਰਤਾਂ 'ਮਜ਼ਦੂਰੀ' ਦੇ ਤੌਰ 'ਤੇ ਮੰਨਿਆ ਜਾਣਾ ਚਾਹੀਦਾ ਹੈ। ਮਾਣਯੋਗ ਸੁਪਰੀਮ ਕੋਰਟ ਨੇ ਇਸ ਫੈਸਲੇ ਵਿੱਚ ਸਰਕਾਰਾਂ ਨੂੰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀਆਂ ਸੇਵਾਵਾਂ ਬੇਹਤਰ ਪ੍ਰਦਾਨ ਕਰਨ ਦੇ ਤਰੀਕੇ ਲੱਭਣ ਲਈ ਵੀ ਨਿਰਦੇਸ਼ ਦਿੱਤੇ ਹਨ।

ਆਂਗਣਵਾੜੀ ਆਗੂਆਂ ਨੇ ਦੋਸ਼ ਲਾਇਆ ਕਿ ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਨੇ ਪਿਛਲੇ ਇੱਕ ਸਾਲ ਤੋਂ ਇਸ ਹੁਕਮ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰ ਦਿੱਤਾ ਹੈ, ਜਿਸ ਦਾ ਸਿੱਧਾ ਅਸਰ ਸਾਡੇ ਦੇਸ ਦੀਆਂ 26 ਲੱਖ ਮਹਿਲਾ ਕਾਮਿਆਂ ਦੀ ਜ਼ਿੰਦਗੀ 'ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਆਪਣੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਨੂੰ 'ਅੰਮ੍ਰਿਤ ਕਾਲ' ਵਜੋਂ ਮਨਾ ਰਹੇ ਹਾਂ ਤਾਂ ਸਾਡੇ ਅੱਧੇ ਬੱਚੇ ਕੁਪੋਸ਼ਿਤ ਹਨ ਤੇ ਦੇਸ ਨੂੰ ਕੁਪੋਸ਼ਣ ਮੁਕਤ ਬਣਾਉਣ ਲਈ ਨਿਰਸਵਾਰਥ ਹੋ ਕੇ ਕੰਮ ਕਰ ਰਹੀਆਂ ਆਂਗਣਵਾੜੀ ਵਰਕਰਾਂ ਅਤੇ ਹੈਲਪਰਾਂ ਘਰ-ਘਰ ਜਾ ਕੇ ਸੇਵਾਵਾਂ ਪੁਚਾਇਆ ਜਾ ਰਿਹਾ ਹੈ। ਪਰ 1975 ਤੋਂ ਲੈ ਕੇ ਅੱਜ ਤੱਕ ਸਾਨੂੰ ਮਜ਼ਦੂਰਾਂ ਵਜੋਂ ਮਾਨਤਾ ਨਹੀਂ ਦਿੱਤੀ ਗਈ।

ਆਗੂਆਂ ਨੇ ਦੱਸਿਆ ਕਿ ਆਂਗਣਵਾੜੀ ਵਰਕਰਾਂ ਹੈਲਪਰਾਂ ਨੂੰ ਵਰਕਰਾਂ/ਕੁਮਚਾਰੀਆਂ ਵਜੋਂ ਘੱਟੋ-ਘੱਟ ਉਜਰਤ ਜਾਂ ਕੋਈ ਹੋਰ ਕਾਨੂੰਨੀ ਹੱਕ ਨਹੀਂ ਦਿੱਤੇ ਜਾਂਦੇ ਹਨ। ਦਹਾਕਿਆਂ ਦੀ ਸਮਰਪਤ ਸੇਵਾ ਤੋਂ ਬਾਅਦ ਸਾਨੂੰ ਰਿਟਾਇਰਮੈਂਟ ਦੇ ਨਾਂਅ 'ਤੇ ਸੇਵਾਮੁਕਤੀ ਦੇ ਲਾਭਾਂ ਜਾਂ ਪੈਨਸ਼ਨਾਂ ਤੋਂ ਬਿਨਾਂ ਨੌਕਰੀ ਤੋਂ ਬਾਹਰ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਵਫ਼ਦ ਵਿੱਚ ਹੋਰਨਾਂ ਤੋਂ ਇਲਾਵਾ ਰਾਜ ਰਾਣੀ, ਅਮਨਦੀਪ ਕੌਰ, ਅਨੀਤਾ ਰਾਣੀ ਤੇ ਕਰਮਜੀਤ ਕੌਰ ਬਲਾਕ ਆਗੂ ਸ਼ਾਮਲ ਸਨ।

ਬਾਬਾ ਫ਼ਰੀਦ ਕਾਲਜ ਦੇ ਕੰਪਿਊਟਰ ਸਾਇੰਸ ਵਿਭਾਗ ਨੇ ਅਲੂਮਨੀ ਇੰਟਰੈਕਸ਼ਨ ਸੈਸ਼ਨ ਕਰਾਇਆ

ਬਠਿੰਡਾ, (ਪਰਵਿੰਦਰ ਜੀਤ ਸਿੰਘ) ਬਾਬਾ ਫ਼ਰੀਦ ਕਾਲਜ, ਬਠਿੰਡਾ ਦੇ ਕੰਪਿਊਟਰ ਸਾਇੰਸ ਵਿਭਾਗ ਨੇ ਜਸਵੀਰ ਸਿੰਘ-ਫੁੱਲ ਸਟੈਕ ਡਿਵੈਲਪਰ (ਟਰੈਂਜਾਇਲ ਸਰਵਿਸਿਜ਼ ਪ੍ਰਾਈਵੇਟ ਲਿਮਟਿਡ, ਨੋਇਡਾ) ਨਾਲ ਇੱਕ ਆਨਲਾਈਨ ਅਲੂਮਨੀ ਇੰਟਰੈਕਸ਼ਨ ਸੈਸ਼ਨ ਦਾ ਆਯੋਜਨ ਕੀਤਾ। ਇਸ ਸੈਸ਼ਨ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਣ ਦੀ ਰੁਚੀ ਅਤੇ ਹੁਨਰ ਵਿਕਾਸ ਲਈ ਗਿਆਨ ਪ੍ਰਦਾਨ ਕਰਨਾ ਸੀ, ਜੋ ਕੈਰੀਅਰ ਦੀ ਯੋਜਨਾਬੰਦੀ ਵਿੱਚ ਸਹਾਇਤਾ ਕਰੇਗਾ ਅਤੇ ਉਨ੍ਹਾਂ ਦੇ ਅਕਾਦਮਿਕ ਤੇ ਪੇਸ਼ੇਵਰ ਕੈਰੀਅਰ ਵਿੱਚ ਮੌਕੇ ਹਾਸਲ ਕਰੇਗਾ। ਇਸ ਸੈਸ਼ਨ ਵਿੱਚ 35 ਤੋਂ ਵਧੇਰੇ ਵਿਦਿਆਰਥੀਆਂ ਨੇ ਭਾਗ ਲਿਆ ਅਤੇ ਆਪਣੇ ਭਵਿੱਖ ਦੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਲਾਭ ਲਿਆ।

ਸੈਸ਼ਨ ਦੀ ਸ਼ੁਰੂਆਤ ਕਰਦਿਆਂ ਬੀ.ਸੀ.ਏ. ਚੌਥਾ ਸਮੈਸਟਰ ਦੇ ਵਿਦਿਆਰਥੀ ਦੁਆਰਾ ਅਲੂਮਨੀ (ਸਾਬਕਾ ਵਿਦਿਆਰਥੀ) ਦਾ ਸਵਾਗਤ ਕੀਤਾ। ਸੈਸ਼ਨ ਦੌਰਾਨ ਅਲੂਮਨੀ ਜਸਵੀਰ ਸਿੰਘ, ਫੁੱਲ ਸਟੈਕ ਡਿਵੈਲਪਰ (ਟਰੈਂਜਾਇਲ ਸਰਵਿਸਿਜ਼ ਪ੍ਰਾਈਵੇਟ ਲਿਮ:, ਨੋਇਡਾ) ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਉਸ ਨੇ ਆਈ.ਟੀ. ਖੇਤਰ ਵਿੱਚ ਫ਼ਰੈਸ਼ਰਾਂ ਲਈ ਲੋੜੀਂਦੇ ਹੁਨਰਾਂ ਜਿਵੇਂ ਕਿ ਸੰਚਾਰ ਹੁਨਰ, ਯੋਗਤਾ ਦੇ ਹੁਨਰ, ਸਮੱਸਿਆ ਹੱਲ ਕਰਨ ਦੇ ਹੁਨਰ ਆਦਿ ਬਾਰੇ ਦੱਸਿਆ, ਕਿਉਂਕਿ ਉਸ ਨੂੰ ਆਈ.ਟੀ. ਕੰਪਨੀ ਵਿੱਚ ਤਕਨੀਕੀ ਪਿਛੋਕੜ ਲਈ ਰੱਖਿਆ ਗਿਆ ਹੈ, ਜਿੱਥੇ ਉਹ ਆਸਾਨੀ ਨਾਲ ਆਪਣੇ ਤਕਨੀਕੀ ਹੁਨਰ ਨੂੰ ਸੁਧਾਰ ਸਕਦਾ ਹੈ ਅਤੇ ਆਪਣੀ ਸਮਰੱਥਾ ਨੂੰ ਬਹੁਤ ਵਧਾ ਸਕਦਾ ਹੈ। ਉਸ ਨੇ ਚੋਣ ਪ੍ਰਕਿਰਿਆ ਦੇ ਵੱਖ-ਵੱਖ ਰਾਊਂਡ ਬਾਰੇ ਵੀ ਚਰਚਾ ਕੀਤੀ ਤੇ ਵੱਖ-ਵੱਖ ਵਿਚਾਰਾਂ ਦੀ ਵਿਆਖਿਆ ਕੀਤੀ ਕਿ ਵਿਦਿਆਰਥੀ ਇਨ੍ਹਾਂ ਰਾਊਂਡਾਂ ਦੀ ਤਿਆਰੀ ਕਿਵੇਂ ਕਰ ਸਕਦੇ ਹਨ। ਵਿਦਿਆਰਥੀਆਂ ਨੂੰ ਸਮੇਂ ਤੋਂ ਪਹਿਲਾਂ ਆਪਣੇ ਮੂਲ ਗਿਣਾਤਮਿਕ ਹੁਨਰ ਨੂੰ ਤਿਆਰ ਕਰਨਾ ਚਾਹੀਦਾ ਹੈ। ਉਸ ਨੇ ਨੌਕਰੀ ਪ੍ਰਾਪਤ ਕਰਨ ਦਾ ਆਪਣਾ ਤਜਰਬਾ ਸਾਂਝਾ ਕੀਤਾ ਤੇ ਪਲੇਸਮੈਂਟ ਸੈਸ਼ਨਾਂ ਦੌਰਾਨ ਵਿਦਿਆਰਥੀਆਂ ਨੂੰ ਚੰਗੀਆਂ ਕੰਪਨੀਆਂ ਵਿੱਚ ਸਥਾਨ ਹਾਸਲ ਕਰਨ ਲਈ ਲੋੜੀਂਦੇ ਹੁਨਰਾਂ ਬਾਰੇ ਪ੍ਰੇਰਿਤ ਕੀਤਾ।

ਅੰਤ ਵਿੱਚ ਕੋਆਰਡੀਨੇਟਰ ਸਤਿੰਦਰ ਕੌਰ ਨੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਨ ਲਈ ਅਲੂਮਨੀ ਜਸਵੀਰ ਸਿੰਘ ਦਾ ਧੰਨਵਾਦ ਕੀਤਾ। ਬੀ.ਐਚ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਤੇ ਬਾਬਾ ਫ਼ਰੀਦ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਮਨੀਸ਼ ਬਾਂਸਲ ਨੇ ਕੰਪਿਊਟਰ ਸਾਇੰਸ ਵਿਭਾਗ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

ਖਰੀਦ ਕੇਂਦਰ ਬਰਾਸ 'ਚ ਲੱਗੇ ਬੋਰੀਆਂ ਦੇ ਅੰਬਾਰ

ਲਿਫਟਿੰਗ ਨੂੰ ਲੈ ਕੇ ਆੜ੍ਹਤੀਏ ਐੱਸ ਡੀ ਐੱਮ ਦੇ ਦਰਬਾਰ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) -ਮਾਰਕਿਟ ਕਮੇਟੀ ਅਧੀਨ ਆਉਂਦੇ ਖਰੀਦ ਕੇਂਦਰ ਬਰਾਸ ਵਿੱਚ ਹਾੜੀ ਦੇ ਸੀਜ਼ਨ ਦੌਰਾਨ ਖਰੀਦ ਏਜੰਸੀਆਂ ਵੱਲੋਂ ਖਰੀਦ ਕੀਤੀ ਗਈ ਕਣਕ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ। ਇਲਾਕੇ ਵਿਚ ਕਣਕ ਦੀ ਵਢਾਈ ਦਾ ਕੰਮ ਪੂਰੀ ਤਰ੍ਹਾਂ ਮੁਕੰਮਲ ਹੋ ਜਾਣ ਉਪਰੰਤ ਖਰੀਦ ਕੇਂਦਰ ਵਿਚ ਪੁੱਜੀ ਕਣਕ ਬੋਰੀਆਂ ਵਿੱਚ ਭਰ ਜਾਣ ਮਗਰੋਂ ਲਿਫਟਿੰਗ ਯੋਗ ਪ੍ਰਬੰਧ ਨਾ ਹੋਣ ਕਰਕੇ ਖੁੱਲ੍ਹੇ ਅਸਮਾਨ ਵਿੱਚ ਕਣਕ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ। ਫੜ੍ਹਾਂ 'ਤੇ ਪਈਆਂ ਇਨ੍ਹਾਂ ਬੋਰੀਆਂ ਵਿੱਚੋਂ ਰਾਤ ਸਮੇਂ ਕਣਕ ਚੋਰੀ ਹੋਣ ਦੀ ਵਾਪਰੀ ਘਟਨਾ ਮਗਰੋਂ ਆੜ੍ਹਤੀਏ ਲਿਫਟਿੰਗ ਕਰਵਾਈ ਜਾਣ ਦੀ ਮੰਗ ਨੂੰ ਲੈ ਕੇ ਐੱਸ ਡੀ ਐੱਮ ਨਵਦੀਪ ਕੁਮਾਰ ਦੇ ਦਰਬਾਰ ਪੁੱਜੇ ਹਨ।

ਨਗਰ ਪੰਚਾਇਤ ਘੱਗਾ ਦੇ ਪ੍ਰਧਾਨ ਆਰਤੀ ਨਰੇਸ਼ ਕੁਮਾਰ, ਸਰਪੰਚ ਬਲਜੀਤ ਸਿੰਘ ਬਰਾਸ, ਅਨਿਲ ਕੁਮਾਰ, ਨਰਾਇਣ ਦਾਸ, ਸੁਨੀਲ ਕੁਮਾਰ ਸੀਲਾ, ਜੋਲੀ ਕੁਮਾਰ ਤੇ ਸੁਰੇਸ਼ ਕੁਮਾਰ ਨੇ ਦੱਸਿਆ ਕਿ ਹਾੜੀ ਦੇ ਸੀਜ਼ਨ ਦੌਰਾਨ ਖਰੀਦ ਕੇਂਦਰ ਬਰਾਸ ਵਿਖੇ ਤਰਵੰਜਾ ਹਜ਼ਾਰ ਤੋਂ ਵੱਧ ਥੈਲੇ ਕਣਕ ਦੀ ਖਰੀਦ ਕੀਤੀ ਗਈ ਸੀ, ਜਿਸ ਵਿੱਚੋਂ ਐਤਵਾਰ ਸ਼ਾਮ ਤੱਕ 8575 ਗੱਟਿਆਂ ਦੀ ਹੀ ਲਿਫਟਿੰਗ ਹੋਈ ਹੈ। ਉਨ੍ਹਾਂ ਦੱਸਿਆ ਕਿ ਲਿਫਟਿੰਗ ਦਾ ਯੋਗ ਪ੍ਰਬੰਧ ਨਾ ਹੋਣ ਕਰਕੇ ਮੰਡੀ ਵਿੱਚ ਕਣਕ ਵੱਡੀ ਪੱਧਰ ਉੱਤੇ ਥੈਲੇ ਆੜ੍ਹਤੀਆਂ ਲਈ ਪ੍ਰੇਸ਼ਾਨੀ ਦਾ ਸਬੱਬ ਬਣੇ ਹੋਏ ਹਨ।

ਬੀਤੀ ਰਾਤ ਵੀ ਚੋਰਾਂ ਵੱਲੋਂ ਫੜਾਂ ਉੱਤੇ ਪਈ ਕਣਕ ਵਿੱਚੋਂ 10 ਗੱਟੇ ਕਣਕ ਚੋਰੀ ਕਰ ਲਈ ਗਈ। ਉਨ੍ਹਾਂ ਦੱਸਿਆ ਕਿ ਖੁੱਲ੍ਹੇ ਅਸਮਾਨ ਹੇਠਾਂ ਪਈ ਕਣਕ ਵਿੱਚ ਹੋਣ ਵਾਲੀ ਕਟੌਤੀ ਆੜ੍ਹਤੀਆਂ ਦੇ ਸਿਰ ਪੈਂਦੀ ਹੈ, ਜਦੋਂ ਕਿ ਖਰੀਦ ਕੀਤੀ ਗਈ ਕਣਕ ਦੀ ਜ਼ਿੰਮੇਵਾਰੀ ਸਬੰਧਤ ਖਰੀਦ ਏਜੰਸੀ ਦੀ ਹੋਣੀ ਚਾਹੀਦੀ ਹੈ।

ਇਸ ਦੌਰਾਨ ਐੱਸ ਡੀ ਐੱਮ ਨਵਦੀਪ ਕੁਮਾਰ ਨੇ ਆੜ੍ਹਤੀਆਂ ਦੇ ਵਫ਼ਦ ਨੂੰ ਭਰੋਸਾ ਦਿੱਤਾ ਕਿ ਖਰੀਦ ਏਜੰਸੀਆਂ ਨੂੰ ਜਲਦੀ ਤੋਂ ਜਲਦੀ ਕਣਕ ਦੀ ਲਿਫਟਿੰਗ ਕਰਾਉਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਜਲਦੀ ਕਣਕ ਦੀ ਲਿਫਟਿੰਗ ਦਾ ਕੰਮ ਮੁਕੰਮਲ ਕਰ ਲਿਆ ਜਾਵੇਗਾ।

ਕਾਤਰਾਂ

ਪ੍ਰੋ: ਬਲਜਿੰਦਰ ਕੌਰ ਵੱਲੋਂ ਪਿੰਡਾਂ 'ਚ ਸੰਗਤ ਦਰਸ਼ਨ ਭਲਕੇ

ਤਲਵੰਡੀ ਸਾਬੋ (ਜਗਦੀਪ ਗਿੱਲ) ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਡਿਪਟੀ ਕਮਿਸ਼ਨਰ ਬਠਿੰਡਾ ਦੀ ਰਹਿਨੁਮਾਈ ਹੇਠ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕਰਨ ਦੇ ਮੱਦੇਨਜ਼ਰ ਹਲਕਾ ਵਿਧਾਇਕਾ ਪ੍ਰੋ. ਬਲਜਿੰਦਰ ਕੌਰ ਚੀਫ ਵਿਪ ਵੱਲੋਂ 28 ਅਪ੍ਰੈਲ ਨੂੰ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਇਲਾਕੇ ਦੇ ਆਸ ਪਾਸ ਦੇ ਪਿੰਡ ਕੌਰੇਆਣਾ, ਮਿਰਜੇਆਣਾ, ਗਹਿਲੇਵਾਲਾ, ਨਥੇਹਾ, ਗੋਲੇਵਾਲਾ ਦਾ ਦੌਰਾ ਕਰਕੇ ਪਿੰਡ ਕੌਰੇਆਣਾ ਦੀ ਐਸ.ਸੀ ਧਰਮਸ਼ਾਲਾ ਵਿਖੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਜਾਣਗੀਆਂ ਕੁਲਦੀਪ ਸਿੰਘ ਨਿੱਜੀ ਸਹਾਇਕ, ਪ੍ਰਗਟ ਸਿੰਘ ਅਤੇ ਗੁਰਦੀਪ ਸਿੰਘ ਸਿੱਧੂ ਐਸ.ਡੀ.ਏ ਐਸ.ਡੀ.ਐਮ ਦਫਤਰ ਨੇ ਕਿਹਾ ਕਿ ਪਿੰਡ ਵਾਸੀਆਂ ਨੂੰ ਇਸ ਸੰਗਤ ਦਰਸ਼ਨ 'ਚ ਪਹੁੰਚ ਕੇ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰਾਉਣਾ ਚਾਹੀਦਾ ਹੈ।

ਬਿਜਲੀ ਕਾਮੇ ਦੇ ਭੋਗ ਸਮੇਂ ਪਰਵਾਰ ਨੂੰ 5 ਲੱਖ ਦਾ ਸਹਾਇਤਾ ਚੈੱਕ

ਬਰੇਟਾ (ਗੀਤਵਾਲ) ਪਿੰਡ ਗੋਬਿੰਦਪੁਰਾ ਦੇ ਇੱਕ ਨੌਜਵਾਨ ਕੁਲਦੀਪ ਸਿੰਘ ਜਿਹੜਾ ਬਿਜਲੀ ਵਿਭਾਗ ਵਿੱਚ ਠੇਕੇ 'ਤੇ ਕੰਮ ਕਰਦਾ ਸੀ ਤੇ ਪਿਛਲੇ ਦਿਨੀਂ ਉਸਦੀ ਅਚਾਨਕ ਕੰਮ ਕਰਦੇ ਸਮੇਂ ਖੰਭੇ ਤੋਂ ਡਿੱਗਣ ਕਾਰਨ ਮੌਤ ਹੋ ਗਈ ਸੀ। ਮ੍ਰਿਤਕ ਦੇ ਪਰਵਾਰ ਤੇ ਜਥੇਬੰਦੀਆਂ ਵੱਲੋਂ ਮੁਆਵਜ਼ੇ ਦੀ ਮੰਗ ਕੀਤੀ ਗਈ ਸੀ, ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਠੇਕਾ ਕੰਪਨੀ ਵੱਲੋਂ ਭੋਗ ਮੌਕੇ ਤੇ ਬਿਜਲੀ ਉਪ ਮੰਡਲ ਬਰੇਟਾ ਦੇ ਸਹਾਇਕ ਕਾਰਜਕਾਰੀ ਇੰਜਨੀਅਰ ਜਗਦੀਪ ਸਿੰਘ ਰਾਹੀ ਪਰਵਾਰ ਨੂੰ 5 ਲੱਖ ਦਾ ਸਹਾਇਤਾ ਚੈੱਕ ਦਿੱਤਾ ਗਿਆ। ਇਸ ਮੌਕੇ ਜੇ ਈ ਜਗਵੰਤ ਸਿੰਘ, ਸਰਪੰਚ ਗੁਰਲਾਲ ਸਿੰਘ, ਕਿਸਾਨ ਆਗੂ ਜੋਗਿੰਦਰ ਸਿੰਘ, ਨਰੋਤਮ ਸਿੰਘ, ਅਮਿੱਤ ਛਾਬੜਾ, ਸੁਖਵਿੰਦਰ ਸਿੰਘ, ਸੋਨੀ ਸਿੰਘ ਵਕੀਲ ਸਿੰਘ ਹਾਜ਼ਰ ਸਨ। ਇਨ੍ਹਾਂ ਸਭਨਾਂ ਤੇ ਪਿੰਡ ਵਾਸੀਆਂ ਵੱਲੋਂ ਮ੍ਰਿਤਕ ਨੂੰ ਸ਼ਰਧਾਜਲੀ ਭੇਟ ਕੀਤੀ ਗਈ।

ਰੂਪ ਵਾਟਿਕਾ ਸਕੂਲ 'ਚ ਕੀਤਾ ਗਿਆ ਓਰੀਐਂਨਟੇਸ਼ਨ ਪ੍ਰੋਗਰਾਮ

ਜਗਰਾਉਂ (ਅਮਿਤ ਖੰਨਾ) ਰੂਪਵਾਟਿਕਾ ਸਕੂਲ ਵਿੱਚ ਜਮਾਤ ਗਿਆਰ੍ਹਵੀਂ ਦੇ ਵਿਦਿਆਰਥੀਆਂ ਲਈ ਰੱਖਿਆ ਗਿਆ ਔਰਿਅਨਟੇਸ਼ਨ ਪ੍ਰੋਗਰਾਮ ਦਾ ਕਾਰਜ ਸਫ਼ਲ ਰਿਹਾ। ਸਕੂਲ ਦੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਸਾਰੀ ਸਟਰੀਮਸ ਆਰਟਸ, ਕਾਮਰਸ, ਮੈਡੀਕਲ ਤੇ ਨਾਨ ਮੈਡੀਕਲ ਨਾਲ ਜਾਣੂ ਕਰਾਇਆ ਕਿ ਕਿਹੜੀ ਸਟਰੀਮ ਨੂੰ ਚੁਣ ਕੇ ਬੱਚਾ ਆਪਣੀ ਜ਼ਿੰਦਗੀ ਦੇ ਨਵੇਂ ਰਾਹ ਚੁਣ ਸਕਦਾ ਹੈ। ਉਨ੍ਹਾਂ ਨੇ ਮਾਪਿਆਂ ਨੂੰ ਉਨ੍ਹਾਂ ਕੋਰਸ ਤੇ ਵਿਸ਼ਿਆਂ ਬਾਰੇ ਦੱਸਿਆ, ਜਿਹੜੇ ਆਉਣ ਵਾਲੇ ਸਮੇਂ ਵਿੱਚ ਬੱਚਿਆਂ ਦੇ ਕੰਮ ਆਉਣੇ ਸਨ। ਬੱਚਿਆਂ ਦੇ ਮਨ ਵਿਚ ਚੱਲ ਰਹੇ ਦੁਚਿੱਤੀ ਵਿਚਾਰ ਨੂੰ ਦੂਰ ਕੀਤਾ ਤੇ ਉਨ੍ਹਾਂ ਨੂੰ ਸਿੱਧੇ ਰਾਹ ਪਾਇਆ। ਪ੍ਰਿੰਸੀਪਲ ਠਾਕੁਰ ਨੇ ਬੱਚਿਆਂ ਤੇ ਮਾਪਿਆਂ ਨੂੰ ਕਿਹਾ ਕਿ ਉਹ ਵਿਸ਼ਿਆਂ ਦੀ ਚੋਣ ਬੁੱਧੀਮਾਨੀ ਨਾਲ ਕਰਨ। ਮਾਤਾ-ਪਿਤਾ ਨੇ ਵੀ ਆਪਣੇ ਪ੍ਰਸ਼ਨ ਸਾਹਮਣੇ ਰੱਖੇ ਤੇ ਪ੍ਰਿੰਸੀਪਲ ਠਾਕੁਰ ਨੇ ਉਨ੍ਹਾਂ ਦਾ ਜਵਾਬ ਬੜੇ ਸੁਲਝੇ ਢੰਗ ਨਾਲ ਦਿੱਤਾ। ਉਸ ਤੋਂ ਬਾਅਦ ਨਵਪ੍ਰੀਤ ਕੌਰ ਐਚਓਡੀ ਬਾਇਲੌਜੀ ਨੇ ਸਾਇੰਸ ਸਟ੍ਰੀਮ ਨੂੰ ਚੁਣਨ ਵਾਲੇ ਬੱਚਿਆਂ ਨੂੰ ਦੱਸਿਆ ਕਿ ਇਸ ਲਈ ਬਹੁਤ ਮਿਹਨਤ ਤੇ ਸਿੱਖਣ ਤੇ ਸ਼ੌਕ ਦੀ ਲੋੜ ਹੈ।

ਦੇਵ ਮਾਨ ਨੇ ਸਹਾਇਕ ਕਮਿਸ਼ਨਰ ਨਾਲ ਕੀਤਾ ਸ਼ਹਿਰ ਦਾ ਦੌਰਾ

ਨਾਭਾ (ਵਰਿੰਦਰ ਵਰਮਾ) ਸ਼ਹਿਰ ਨੂੰ ਸਮਾਰਟ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਵਿੱਚ ਸ਼ਹਿਰ ਨਿਵਾਸੀਆਂ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਡਾ ਆਕਸ਼ਿਤਾ ਗੁਪਤਾ ਆਈ ਏ ਐਸ ਅਸਿਸਟੈਂਟ ਕਮਿਸ਼ਨਰ ਪਟਿਆਲਾ ਨਾਲ ਸ਼ਹਿਰ ਵਿੱਚ ਚੱਲ ਰਹੇ ਕੰਮਾਂ ਦਾ ਦੌਰਾ ਕਰਨ ਉਪਰੰਤ ਕੀਤਾ। ਉਨ੍ਹਾਂ ਦੱਸਿਆ ਕਿ ਲੋਕਾਂ ਦੇ ਸਹਿਯੋਗ ਨਾਲ ਨਾਭਾ ਨੂੰ ਡੰਪ ਮੁਕਤ ਕੀਤਾ ਜਾ ਰਿਹਾ ਹੈ, ਜਿਵੇਂ ਪਟਿਆਲਾ ਗੇਟ ਵਿਖੇ, ਪੁਰਾਣਾ ਹ

27-April-PAGE- 8.qxd 4/26/2023 10:21 PM Page 1

ਧਰਮਪਾਲ ਸਾਹਿਲ ਦਾ ਨਵਾਂ ਨਾਵਲ 'ਕਸਕ' ਰਿਲੀਜ਼

ਮਾਹਿਲਪੁਰ, (ਨਿਰਮਲ ਸਿੰਘ ਮੁਗੋਵਾਲ, ਸਫਰੀ)- ਸਿੱਖ ਐਜੂਕੇਸ਼ਨਲ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰ, ਮੈਨੇਜਰ ਇੰਦਰਜੀਤ ਸਿੰਘ ਭਾਰਟਾ ਅਤੇ ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ ਮਾਹਿਲਪੁਰੀ ਦੀ ਅਗਵਾਈ ਹੇਠ ਚੱਲ ਰਹੇ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਨਾਵਲਕਾਰ ਡਾ. ਧਰਮਪਾਲ ਸਾਹਿਲ ਦਾ ਸੰਤਾਲੀ ਦੀ ਦੇਸ਼ ਵੰਡ ਨਾਲ ਸਬੰਧਤ ਨਵ ਪ੍ਰਕਾਸ਼ਿਤ ਨਾਵਲ 'ਕਸਕ' ਰਿਲੀਜ਼ ਕੀਤਾ ਗਿਆ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਸਵਾਗਤੀ ਸ਼ਬਦਾਂ 'ਚ ਕਿਹਾ ਕਿ ਨਾਵਲ ਸਮਾਜ ਦੀ ਹਕੀਕਤ ਨੂੰ ਪੇਸ਼ ਕਰਨ ਵਾਲਾ ਰੂਪ ਹੁੰਦਾ ਹੈ ਅਤੇ ਚੰਗਾ ਨਾਵਲਕਾਰ ਆਪਣੇ ਅਧਿਐਨ, ਤਜਰਬੇ ਅਤੇ ਕਲਪਨਾ ਦੀ ਤਾਕਤ ਨਾਲ ਮਨੁੱਖੀ ਜ਼ਿੰਦਗੀ ਨੂੰ ਦੁਬਾਰਾ ਸਾਕਾਰ ਕਰ ਦਿੰਦਾ ਹੈ। ਪੰਜਾਬੀ ਵਿਭਾਗ ਦੇ ਮੁੱਖੀ ਡਾ ਜੋ ਬੀ ਸੇਖੋਂ ਨੇ ਕਿਹਾ ਕਿ ਧਰਮਪਾਲ ਸਾਹਿਲ ਕੰਢੀ ਇਲਾਕੇ ਦੀ ਆਂਚਲਿਕਤਾ ਨੂੰ ਪੰਜਾਬੀ ਦੇ ਨਾਵਲ ਸੰਸਾਰ ਵਿੱਚ ਪ੍ਰਗਟ ਕਰਨ ਵਾਲਾ ਲੇਖਕ ਹੈ ਜਿਨ੍ਹਾਂ ਵੱਲੋਂ ਕੰਢੀ ਦੇ ਸਮਾਜ ਤੇ ਸਭਿਆਚਾਰ ਸੰਬੰਧੀ ਖੋਜ ਕਾਰਜ ਵੀ ਕੀਤੇ ਗਏ ਹਨ। ਇਸ ਮੌਕੇ ਸ਼੍ਰੋਮਣੀ ਬਾਲ ਸਾਹਿਤ ਐਵਾਰਡੀ ਲੇਖਕ ਬਲਜਿੰਦਰ ਮਾਨ ਨੇ ਧਰਮਪਾਲ ਸਾਹਿਲ ਵੱਲੋਂ ਪੰਜਾਬੀ ਦੇ ਨਾਲ ਨਾਲ ਹਿੰਦੀ ਭਾਸ਼ਾ ਵਿੱਚ ਲਿਖੇ ਸਾਹਿਤ ਦਾ ਵਿਸ਼ੇਸ਼ ਜਿਕਰ ਕਰਦਿਆਂ ਉਨ੍ਹਾਂ ਦੀ ਲੇਖਣੀ ਦੇ ਸਫਰ ਨਾਲ ਜੁੜੇ ਵੇਰਵੇ ਸਾਂਝੇ ਕੀਤੇ। ਧਰਮਪਾਲ ਸਾਹਿਲ ਨੇ ਆਪਣੇ ਨਾਵਲਾਂ ਦੀ ਰਚਨਾ ਪ੍ਰਕਿਰਿਆ ਬਾਰੇ ਵਿਚਾਰ ਰੱਖੇ ਅਤੇ 'ਕਸਕ' ਨਾਵਲ ਵਿੱਚ ਸੰਤਾਲੀ ਦੀ ਦੇਸ਼ ਵੰਡ ਦੌਰਾਨ ਆਮ ਲੋਕਾਂ ਵੱਲੋਂ ਭੋਗੇ ਸੰਤਾਪ ਬਾਰੇ ਜਾਣਕਾਰੀ ਸਾਂਝੀ ਕੀਤੀ।

ਸਮਾਰੋਹ ਮੌਕੇ ਪੰਜਾਬੀ ਵਿਭਾਗ ਦੇ ਅਧਿਆਪਕਾਂ ਡਾ. ਬਲਵੀਰ ਕੌਰ, ਡਾ ਪ੍ਰਭਜੋਤ ਕੌਰ, ਪ੍ਰੋ ਪਰਮਵੀਰ ਸ਼ੇਰਗਿੱਲ, ਪ੍ਰੋ ਅਸ਼ੋਕ ਕੁਮਾਰ ਅਤੇ ਪ੍ਰੋ ਜਸਦੀਪ ਕੌਰ ਨੇ ਵੀ ਡਾ. ਸਾਹਿਲ ਨੂੰ ਨਵਾਂ ਨਾਵਲ ਲਿਖਣ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ।

ਨਵੇਂ ਆਏ ਥਾਣਾ ਮੁਖੀ ਨੇ ਨਸ਼ਾ ਤਸਕਰਾਂ ਦੇ ਨੱਕ 'ਚ ਦਮ ਕੀਤਾ

ਮਾਹਿਲਪੁਰ (ਸਫਰੀ) - ਥਾਣਾ ਮਾਹਿਲਪੁਰ ਵਿੱਚ ਨਵੇਂ ਆਏ ਸਬ ਇੰਸਪੈਕਟਰ ਬਲਜਿੰਦਰ ਸਿੰਘ ਮੱਲ੍ਹੀ ਨੇ 10 ਅਪ੍ਰੈਲ ਤੋਂ ਆਪਣਾ ਅਹੁਦਾ ਸੰਭਾਲਦਿਆਂ ਹੀ ਨਸ਼ਾ ਤਸਕਰਾਂ ਦੇ ਨੱਕ 'ਚ ਦਮ ਲੈ ਆਂਦਾ ਹੈ। ਸਬ ਇੰਸਪੈਕਟਰ ਬਲਜਿੰਦਰ ਸਿੰਘ ਮੱਲ੍ਹੀ ਨੂੰ ਥਾਣਾ ਮੁਖੀ ਮਾਹਿਲਪੁਰ ਦਾ ਚਾਰਜ ਸੰਭਾਲਿਆਂ ਸਿਰਫ 18 ਦਿਨ ਹੀ ਹੋਏ ਹਨ ਤੇ 18 ਦਿਨਾਂ ਵਿਚ ਉਨ੍ਹਾਂ ਨੇ ਨਸ਼ਾ ਤਸਕਰਾਂ ਅਤੇ ਲੁੱਟਾਂ ਖੋਹਾਂ ਕਰਨ ਵਾਲਿਆਂ 'ਤੇ 17 ਪਰਚੇ ਦਰਜ ਕਰਕੇ ਅਰੋਪੀਆਂ ਨੂੰ ਜੇਲ੍ਹ ਭੇਜਿਆ ਹੈ। ਜਦੋਂ ਇਸ ਬਾਰੇ ਮੱਲ੍ਹੀ ਨਾਲ ਨਸ਼ਾ ਤਸਕਰਾਂ ਨੂੰ ਹਰ ਰੋਜ ਫੜ ਕੇ ਉਨ੍ਹਾਂ ਤੇ ਪਰਚਾ ਦਰਜ ਕਰਨ ਦੀ ਕਾਮਯਾਬੀ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਇਹ ਕਾਮਯਾਬੀ ਦਾ ਸਿਹਰਾ ਰਾਜਨੀਤਿਕ ਆਗੂਆਂ ਅਤੇ ਇਲਾਕਾ ਮਾਹਿਲਪੁਰ ਦੇ ਦਿਲੋਂ ਸਹਿਯੋਗ ਦੇਣ ਵਾਲੇ ਸਹਿਯੋਗੀਆਂ ਦਾ ਸਿਰ 'ਤੇ ਹੈ। ਕਿਉਂਕਿ ਇਸ ਇਲਾਕੇ ਦੇ ਪਤਵੰਤੇ ਸੱਜਣ ਨਸ਼ਾ ਵਿਰੋਧੀ ਹਨ। ਮੈਂ ਇਕੱਲਾ ਕੁਝ ਵੀ ਨਹੀਂ ਕਰ ਸਕਦਾ। ਇਹ ਸਿਰਫ ਇਲਾਕੇ ਦੇ ਸਹਿਯੋਗ ਨਾਲ ਕਾਮਯਾਬੀ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਜੇ ਲੋਕ ਇਸੇ ਤਰਾਂ ਸਾਨੂੰ ਸਹਿਯੋਗ ਦਿੰਦੇ ਰਹੇ ਤਾਂ ਨਸ਼ਾ ਤਸਕਰ ਕੁਝ ਹੀ ਦਿਨਾਂ ਦੇ ਮਹਿਮਾਨ ਹਨ। ਉਹਨਾਂ ਨੇ ਬੜੇ ਦੁੱਖ ਭਰੇ ਲਹਿਜੇ ਨਾਲ ਕਿਹਾ 'ਮੇਰੇ ਸੋਹਣੇ ਵਤਨ ਪੰਜਾਬ ਲਈ ਕੋਈ ਕਰੋ ਦੁਆਵਾਂ, ਇਹ ਕੇਨੇ ਕੰਡੇ ਬੀਜੇ ਨੇ ਵਿੱਚ ਸਾਡਿਆਂ ਰਾਹਵਾਂ, ਵੇ ਕੋਈ ਕਰੋ ਦੁਆਵਾਂ।

ਜੀ.ਆਰ.ਡੀ ਨਰਸਿੰਗ ਇਸਟੀਚਿਊਟ ਵਿਖੇ ਵਿਸ਼ਵ ਵਿਰਾਸਤ ਦਿਵਸ ਮਨਾਇਆ

ਟਾਂਡਾ ਉੜਮੁੜ (ਓਂਕਾਰ ਸਿੰਘ ਜਸਵਿੰਦਰ ਸੰਧੂ) ਸ੍ਰੀ ਗੁਰੂ ਰਾਮਦਾਸ ਜੀ ਸੇਵਾ-ਸਿਮਰਨ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਜੀ.ਆਰ.ਡੀ ਇੰਸਟੀਚਿਊਟ ਆਫ ਨਰਸਿੰਗ ਕਾਲਜ ਟਾਂਡਾ ਵਿਖੇ ਵਿਸ਼ਵ ਵਿਰਾਸਤ ਦਿਵਸ ਮਨਾਇਆ ਗਿਆ। ਜੀ.ਆਰ.ਡੀ ਸਿੱਖਿਆ ਸੰਸਥਾਵਾਂ ਦੇ ਚੇਅਰਪਰਸਨ ਪਰਦੀਪ ਕੌਰ, ਮੈਨੇਜਿੰਗ ਡਾਇਰੈਕਟਰ ਬਿਕਰਮ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਮੈਨੇਜਰ ਸਰਬਜੀਤ ਸਿੰਘ ਮੋਮੀ ਤੇ ਪ੍ਰਿੰਸੀਪਲ ਨਵਜੋਤ ਕੌਰ ਦੀ ਅਗਵਾਈ ਵਿੱਚ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਭਾਗ ਲੈਂਦੇ ਹੋਏ ਪੰਜਾਬੀ ਅਤੇ ਭਾਰਤੀ ਵਿਰਾਸਤ ਨੂੰ ਦਰਸਾਉਂਦੇ ਹੋਏ ਪੋਸਟਰ ਤੇ ਸਲੋਗਨ ਤਿਆਰ ਕਰਕੇ ਆਪਣੀ ਵਿਰਾਸਤ ਨਾਲ ਜੁੜਨ ਦਾ ਸੰਦੇਸ਼ ਦਿੱਤਾ। ਮੋਮੀ ਤੇ ਪ੍ਰਿੰਸੀਪਲ ਨੇ ਵਿਸ਼ਵ ਵਿਰਾਸਤ ਦਿਵਸ ਦੀ ਮਹੱਤਤਾ ਤੋਂ ਜਾਣੂ ਕਰਵਾਇਆ ਅਤੇ ਨਰਸਿੰਗ ਦੀਆਂ ਵਿਦਿਆਰਥਣਾਂ ਨੂੰ ਆਪਣੇ ਅਮੀਰ ਪੰਜਾਬੀ ਸੱਭਿਆਚਾਰ ਤੇ ਵਿਰਾਸਤ ਨਾਲ ਜੋੜਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੋਸਟਰ ਤੇ ਸਲੋਗਨ ਮੁਕਾਬਲਿਆਂ ਵਿੱਚ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਦਲਜਿੰਦਰ ਕੌਰ ,ਰੇਨੂੰ ਸ਼ਰਮਾ, ਮਨਦੀਪ ਕੌਰ, ਗਗਨਦੀਪ ਕੌਰ, ਮਨਪ੍ਰੀਤ ਕੌਰ, ਸਿਮਰਨ ਕੌਰ, ਕਸ਼ਮੀਰ ਕੌਰ, ਜਸਲੀਨ ਕੌਰ, ਰਾਜਵੀਰ ਕੌਰ, ਸੀਮਾ ਜਾਜਾ, ਮੈਡਮ ਪਿੰਕੀ, ਰਜਨੀ ਸੈਣੀ, ਮੈਡਮ ਪਾਇਲ, ਰਜਿੰਦਰ ਕੌਰ, ਨਵਵਪ੍ਰੀਤ ਕੌਰ, ਬਲਜੀਤ ਕੌਰ, ਹਰਦੀਪ ਕੌਰ, ਰਾਜਵਿੰਦਰ ਕੌਰ ਆਦਿ ਵੀ ਮੌਜੂਦ ਸਨ।

ਵੱਡੀ ਗਿਣਤੀ 'ਚ ਸਰਕਾਰੀ ਨੌਕਰੀਆਂ ਮਿਲਣ ਨਾਲ ਸੂਬੇ ਦੇ ਨੌਜਵਾਨਾਂ ਦਾ ਉਤਸ਼ਾਹ ਵਧਿਆ

ਚੰਡੀਗੜ੍ਹ, (ਗੁਰਜੀਤ ਬਿੱਲਾ)-ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੱਤਾ ਸੰਭਾਲਣ ਦੇ ਪਹਿਲੇ ਵਰ੍ਹੇ ਹੀ ਸੂਬੇ ਦੇ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਲਈ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੇ ਫੈਸਲੇ ਨਾਲ ਹਜ਼ਾਰਾਂ ਨੌਜਵਾਨਾਂ ਦਾ ਉਤਸ਼ਾਹ ਵਧਿਆ ਹੈ। ਪੰਜਾਬ ਦੇ ਲੋਕ ਨਿਰਮਾਣ ਵਿਭਾਗ 'ਚ ਦਿਵਿਆਂਗ ਵਰਗ ਤਹਿਤ ਕਲਰਕ ਦੀ ਨੌਕਰੀ ਹਾਸਲ ਕਰਨ ਵਾਲੇ ਪਿੰਡ ਬੂਹੀ, ਜ਼ਿਲ੍ਹਾ ਪਟਿਆਲਾ ਨਾਲ ਸੰਬੰਧਤ ਸੁਖਵੰਤ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੇ ਮੈਨੂੰ ਪੱਕਾ ਰੋਜ਼ਗਾਰ ਮੁਹੱਈਆ ਕਰਵਾ ਕੇ ਮੇਰਾ ਜੀਵਨ ਸੰਵਾਰ ਦਿੱਤਾ ਹੈ। ਉਸ ਨੇ ਕਿਹਾ ਕਿ ਆਰਥਕ ਤੌਰ 'ਤੇ ਕਮਜ਼ੋਰ ਪਰਵਾਰ ਨਾਲ ਸੰਬੰਧਤ ਹਾਂ ਅਤੇ ਸਰਕਾਰੀ ਨੌਕਰੀ ਪ੍ਰਾਪਤ ਕਰਕੇ ਮੈਂ ਤੇ ਮੇਰਾ ਪਰਵਾਰ ਬੇਹੱਦ ਖ਼ੁਸ਼ ਹਾਂ। ਸੁਖਵੰਤ ਸਿੰਘ ਨੇ ਕਿਹਾ ਕਿ ਮੈਨੂੰ ਸਰਕਾਰੀ ਨੌਕਰੀ ਦੀ ਬੇਹੱਦ ਲੋੜ ਸੀ, ਕਿਉਂਕਿ ਮੈਂ ਇੱਕ ਦਿਵਿਆਂਗ ਵਿਅਕਤੀ ਹਾਂ। ਮੈਂ ਆਰਥਕ ਔਕੜਾਂ ਦੇ ਬਾਵਜੂਦ ਮਿਹਨਤ ਕਰਕੇ ਸਿੱਖਿਆ ਹਾਸਲ ਕੀਤੀ ਹੈ ਪਰ ਮੈਂ ਆਮ ਨੌਜਵਾਨਾਂ ਵਾਂਗ ਸਰੀਰਕ ਤੌਰ 'ਤੇ ਸਮਰੱਥ ਨਹੀਂ ਹਾਂ। ਮੇਰੇ ਵਰਗੇ ਦਿਵਿਆਂਗ ਵਿਅਕਤੀ ਲਈ ਕਲਰਕ ਦੀ ਨੌਕਰੀ ਬਿਹਤਰ ਵਿਕਲਪ ਹੈ। ਸੁਖਵੰਤ ਸਿੰਘ ਨੇ ਕਿਹਾ ਕਿ ਕਿ ਮੁੱਖ ਮੰਤਰੀ ਭਗਵੰਤ ਮਾਨ ਹੱਥੋਂ ਨਿਯੁਕਤੀ ਪੱਤਰ ਹਾਸਲ ਕਰਨ ਦੀ ਵੀ ਮੈਨੂੰ ਬਹੁਤ ਖ਼ੁਸ਼ੀ ਹੈ। ਉਸ ਨੇ ਕਿਹਾ ਕਿ ਮੁੱਖ ਮੰਤਰੀ ਨੇ ਨਵੇਂ ਉਮੀਦਵਾਰਾਂ ਨੂੰ ਸੰਬੋਧਨ ਹੁੰਦਿਆਂ ਜੋ ਮਿਹਨਤ ਤੇ ਇਮਾਨਦਾਰੀ ਨਾਲ ਲੋਕਾਂ ਦੀ ਸੇਵਾ ਕਰਨ ਦੀ ਪ੍ਰੇਰਨਾ ਦਿੱਤੀ ਹੈ, ਮੈਂ ਉਸ ਨੂੰ ਹਮੇਸ਼ਾ ਯਾਦ ਰੱਖਾਂਗਾ।

ਸੀ ਪੀ ਆਈ ਐੱਮ ਵੱਲੋਂ ਮੀਟਿੰਗਾਂ ਦਾ ਦੌਰ ਜਾਰੀ

ਨੂਰਮਹਿਲ(ਬਾਲ ਕ੍ਰਿਸ਼ਨ ਬਾਲੀ)- ਸੀ ਪੀ ਆਈ ਐਮ ਵਲੋਂ ਪਾਰਟੀ ਦੇ ਜਥੇਬੰਧਕ ਢਾਂਚੇ ਨੂੰ ਮਜਬੂਤ ਕਰਨ ਲਈ ਜ਼ਿਲ੍ਹਾ ਜਲੰਧਰ ਵਿਖੇ ਮੀਟਿੰਗਾਂ ਦੀਆਂ ਤਰੀਖਾਂ ਨਿਸ਼ਚਤ ਕੀਤੀਆਂ ਗਈਆਂ ਹਨ । ਤਹਿਸੀਲ ਸਕਤੱਰ ਫਿਲੌਰ ਮਾਸਟਰ ਪਰਸਸ਼ਤਮ ਨੇ ਇਕ ਪ੍ਰੈਸ ਬਿਆਨ ਵਿੱਚ ਦਸਿਆ ਕਿ ਪਹਿਲੀ ਮਈ ਨੂੰ ਜਲੰਧਰ ਦਫਤਰ ਵਿਖੇ ਮਜਦੂਰ ਦਿਵਸ ਦੇ ਸੰਬੰਧ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਵੇਗੀ । ਇਸ ਤੋਂ ਬਾਅਦ 2 ਮਈ ਨੂੰ ਪਾਰਟੀ ਵੱਲੋ ਸ਼ਾਹਕੋਟ ਵਿਖੇ 11 ਵਜੇ ਮੀਟਿੰਗ ਕੀਤੀ ਜਾਵੇਗੀ, 3 ਮਈ ਨੂੰ ਫਿਲੌਰ, 4 ਮਈ ਨੂੰ ਮਹਿਤਪੁਰ, 5 ਮਈ ਨੂੰ ਜਲੰਧਰ ਵਿਖੇ ਦੋਆਬਾ ਤੇ ਮਾਲਵਾ ਦੇ ਜਿਲਾ ਸਕਤੱਰ ਦੀ ਮੀਟਿੰਗ ਵਿੱਚ ਜਲੰਧਰ ਦੀ ਮੈਂਬਰਸ਼ਿਪ ਦੀ ਪੜਤਾਲੀਆ ਰਿਪੋਰਟ ਮੁਕੰਮਲ ਕੀਤੀ ਜਾਵੇਗੀ । 7 ਮਈ ਨੂੰ ਪਾਰਟੀ ਦੇ ਸੂਬਾ ਸਕੱਤਰ ਸੁਖਵਿੰਦਰ ਸਿੰਘ ਸੋਖੋ ਪਾਰਟੀ ਦਫਤਰ ਜਲੰਧਰ ਵਿਖੇ 12 ਵਜੇ ਪ੍ਰੈਸ ਕਾਨਫਰੰਸ ਕਰਨਗੇ ਜਿਸ ਵਿਚ ਉਹ ਪਾਰਟੀ ਮੈਂਬਰਾਂ ,ਵਰਕਰਾਂ ਅਤੇ ਅਹੁਦੇਦਾਰਾਂ ਨੂੰ ਦਿਸ਼ਾ-ਨਿਰਦੇਸ਼ ਦੇਣਗੇ ।

ਸਰਕਾਰੀ ਪ੍ਰਾਇਮਰੀ ਸਕੂਲ ਆਦਮਪੁਰ 'ਚ ਸੈਮੀਨਾਰ

ਆਦਮਪੁਰ (ਪਰਮਜੀਤ ਸਿੰਘ)-ਮਾਣਯੋਗ ਸਪੈਸ਼ਲ ਡਾਇਰੈਕਟਰ ਜਨਰਲ ਪੁਲਸ

ਕਮਿਊਨਿਟੀ ਅਫ਼ੇਰਜ਼ ਡਵੀਜ਼ਨ ਚੰਡੀਗੜ੍ਹ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਅਤੇ ਐਸ ਐਸ ਪੀ ਜਲੰਧਰ ਦਿਹਾਤੀ ਮੁਖਵਿੰਦਰ ਸਿੰਘ ਭੁੱਲਰ ਅਤੇ ਮਨਜੀਤ ਕੌਰ ਪੀ ਪੀ ਐਸ, ਜ਼ਿਲ੍ਹਾ ਕਮਿਊਨਿਟੀ ਪੁਲਸ ਅਫਸਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਥਾਣਾ ਸਾਂਝ ਕੇਂਦਰ ਆਦਮਪੁਰ ਵੱਲੋਂ ਮੁੱਖ ਅਫਸਰ ਥਾਣਾ ਆਦਮਪੁਰ ਯਾਦਵਿੰਦਰ ਸਿੰਘ ਦੀ ਦੇਖ ਰੇਖ ਹੇਠ ਜ਼ਿਲ੍ਹਾ ਸਾਂਝ ਇੰਚਾਰਜ ਐਸ ਆਈ ਪੂਰਨ ਸਿੰਘ ਵੱਲੋਂ ਏ ਐੱਸ ਆਈ ਨਰਿੰਦਰ ਸਿੰਘ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਆਦਮਪੁਰ ਵਿਖ਼ੇ ਸੈਮੀਨਾਰ ਲਗਾਇਆ ਗਿਆ। ਜਿਸ ਵਿੱਚ ਬੱਚਿਆਂ ਨੂੰ ਕਾਪੀਆਂ ਅਤੇ ਪੈਨ ਵੰਡੇ ਗਏ ਅਤੇ ਸਾਂਝ ਕੇਂਦਰ 'ਚ ਮਿਲਣ ਵਾਲੀਆਂ ਸੇਵਾਵਾਂ ਬਾਰੇ ਜਾਣੂ ਕਰਵਾਇਆ ਗਿਆ ਅਤੇ ਬੱਚਿਆਂ ਨੂੰ 112, 181 ਹੈਲਪ ਲਾਈਨ ਅਤੇ ਸ਼ਕਤੀ ਐਪ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਬਲਮੀਤ ਸਿੰਘ, ਰਾਜੇਸ਼ ਕੁਮਾਰ ਰਾਜੂ, ਗੁਰਵਿੰਦਰ ਸਿੰਘ, ਪ੍ਰੇਮ ਕਪੂਰ, ਦੀਪਕ ਕੁਮਾਰ, ਸੁਰਿੰਦਰ ਪਾਲ ਸਿੱਧੂ ਕੌਂਸਲਰ, ਵਿਕਰਮ ਬੱਧਣ ਕੌਂਸਲਰ, ਅਮਰੀਕ ਸਿੰਘ ਕੌਂਸਲਰ, ਸੈਂਟਰ ਹੈਡ ਟੀਚਰ ਦੀਪਕ ਕੁਮਾਰ, ਮਨਦੀਪ ਕੌਰ, ਕਾਂਤਾ ਕੁਮਾਰੀ, ਸੰਦੀਪ ਸਿੰਘ ਆਦਿ ਹਾਜ਼ਰ ਸਨ।

ਮਲੇਰੀਆ ਬਾਰੇ ਦਿੱਤੀ ਜਾਣਕਾਰੀ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)- ਪਿੰਡ ਬਰਨਾਲਾ ਕਲਾਂ ਮਲਟੀਪਰਪਜ਼ ਹੈਲਥ ਵਰਕਰ ਰਾਜ ਕੁਮਾਰੀ ,ਕਮਿਊਨਟੀ ਹੈਲਥ ਮਨਜੋਤ ਕੌਰ, ਅਫਸਰ ਹਰਦੀਪ ਖੈਰ ,ਨਵਦੀਪ ਸ਼ਰਮਾ, ਆਸ਼ਾ ਵਰਕਰ ਕਿਸ਼ਨਾ ਦੇਵੀ ਨੇ ਪਿੰਡ ਬਰਨਾਲਾ ਕਲਾਂ 'ਚ ਦੱਸਿਆ ਕਿ ਗਰਮੀਆਂ ਦੇ ਮੌਸਮ ਦੀ ਆਮਦ ਨਾਲ ਮੱਛਰਾਂ ਦੇ ਪ੍ਰਜਣਨ ਵਿੱਚ ਵਾਧਾ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹ ਮੱਛਰ ਜਿਨ੍ਹਾਂ ਨੂੰ ਵੈਕਟਰ ਵੀ ਕਿਹਾ ਜਾਂਦਾ ਹੈ, ਵੱਖ-ਵੱਖ ਬਿਮਾਰੀਆਂ ਨੂੰ ਮਨੁੱਖਾਂ ਵਿੱਚ ਫੈਲਾਉਂਦੇ ਹਨ। ਉਨ੍ਹਾਂ ਦੱਸਿਆ ਕਿ ਮਲੇਰੀਆ ਇੱਕ ਜਾਨਲੇਵਾ ਬਿਮਾਰੀ ਹੈ ਜੋ ਸੰਕਰਮਿਤ ਮਾਦਾ ਐਨੋਫਿਲਿਸ ਮੱਛਰ ਦੇ ਕੱਟਣ ਨਾਲ ਮਨੁੱਖਾਂ ਵਿੱਚ ਫੈਲਦੀ ਹੈ। ਇਹ ਮੱਛਰ ਜ਼ਿਆਦਾਤਰ ਰਾਤ ਵੇਲੇ ਕੱਟਦਾ ਹੈ ਅਤੇ ਤਾਜ਼ੇ ਪਾਣੀ ਵਿੱਚ ਪੈਦਾ ਹੁੰਦਾ ਹੈ। ਲਾਰਵਾ ਖਤਮ ਕਰਨ ਲਈ ਘਰ-ਘਰ ਸਰਵੇਖਣ, ਮਲੇਰੀਆ ਨੂੰ ਮੱਛਰ ਦੇ ਕੱਟਣ ਤੋਂ ਬਚਾਅ ਕਰਕੇ ਰੋਕਿਆ ਜਾ ਸਕਦਾ ਹੈ। ਪਹਿਲੇ ਲੱਛਣ ਹਲਕੇ ਜਿਹੇ ਹੋ ਸਕਦੇ ਹਨ ਜੋ ਕਿ ਬੁਖਾਰ ਵਾਲੀਆਂ ਬਿਮਾਰੀਆਂ ਨਾਲ ਮਿਲਦੇ-ਜੁਲਦੇ ਹੁੰਦੇ ਹਨ ਅਤੇ ਮਲੇਰੀਆ ਵਜੋਂ ਪਛਾਣਨ ਵਿੱਚ ਮੁਸ਼ਕਲ ਪੇਸ਼ ਆਉਂਦੀ ਹੈ । ਇਲਾਜ ਨਾ ਕੀਤੇ ਜਾਣ 'ਤੇ ਵਿਅਕਤੀ ਦੀ ਮੌਤ ਵੀ ਹੋ ਸਕਦੀ ਹੈ। ਮਲੇਰੀਆ ਦੇ ਹਲਕੇ ਲੱਛਣਾਂ ਵਿੱਚ ਬੁਖਾਰ, ਠੰਢ ਅਤੇ ਸਿਰ ਦਰਦ ਆਦਿ ਸ਼ਾਮਲ ਹੈ ਅਤੇ ਗੰਭੀਰ ਲੱਛਣਾਂ ਵਿੱਚ ਥਕਾਵਟ, ਦੌਰੇ ਪੈਣਾ ਅਤੇ ਸਾਹ ਲੈਣ ਵਿੱਚ ਮੁਸ਼ਕਲ ਸ਼ਾਮਲ ਹਨ।

ਕੇ ਐੱਲ ਚਾਂਦ ਟਰੱਸਟ ਨੇ ਲੋੜਵੰਦ ਨੂੰ ਭੇਟ ਕੀਤੀਆਂ ਬੈਸਾਖੀਆਂ

ਫਗਵਾੜਾ (ਡਾ. ਰਮਨ) ਕੇ.ਐੱਲ ਚਾਂਦ ਵੈਲਫੇਅਰ ਟਰੱਸਟ (ਯੂ.ਕੇ) ਦੀ ਪੰਜਾਬ ਇਕਾਈ ਵਲੋਂ ਇਕ ਲੋੜਵੰਦ ਵਿਅਕਤੀ ਨੂੰ ਬੈਸਾਖੀਆਂ ਭੇਂਟ ਕੀਤੀਆਂ ਗਈਆਂ। ਟਰੱਸਟ ਦੇ ਸੂਬਾ ਕੋਆਰਡੀਨੇਟਰ ਰਜਿੰਦਰ ਕੁਮਾਰ ਬੰਟੀ ਨੇ ਦੱਸਿਆ ਕਿ ਕੇ.ਐਲ. ਚਾਂਦ ਵੈਲਫੇਅਰ ਟਰੱਸਟ ਦਿਵਿਅੰਗਾਂ ਤੇ ਬਿਮਾਰਾਂ ਦੀ ਸੇਵਾ ਨੂੰ ਸਮਰਪਿਤ ਹੈ। ਆਰਥਕ ਪੱਖੋਂ ਕਮਜੋਰ ਪਰਵਾਰਾਂ ਦੇ ਲੋੜਵੰਦ ਵਿਅਕਤੀਆਂ ਨੂੰ ਵ੍ਹੀਲ ਚੇਅਰਾਂ, ਟਰਾਈ ਸਾਇਕਲਾਂ ਤੇ ਬੈਸਾਖੀਆਂ ਭੇਂਟ ਕਰਕੇ ਘੁੰਮਣ ਫਿਰਨ ਯੋਗ ਬਨਾਉਣ ਦੇ ਨਾਲ ਹੀ ਆਰਟੀਫੀਸ਼ਿਅਲ ਅੰਗ ਲਗਾਉਣ ਦਾ ਉਪਰਾਲਾ ਵੀ ਦੇਸ਼ ਵਿਦੇਸ਼ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੀਤਾ ਜਾਂਦਾ ਹੈ। ਇਸ ਮੌਕੇ ਟਰੱਸਟ ਦੇ ਸੀਨੀਅਰ ਪ੍ਰਧਾਨ ਸ਼ਿੰਗਾਰਾ ਰਾਮ, ਸਕੱਤਰ ਜ

27-April-PAGE- 9.qxd 4/26/2023 10:20 PM Page 1

ਸ਼ਾਟ-ਸਰਕਟ ਹੋਣ ਨਾਲ 3 ਏਕੜ ਕਣਕ ਸੜ ਕੇ ਸੁਆਹ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਤਾਜੋਵਾਲ 'ਚ ਦੁਪਹਿਰ ਸਮੇਂ ਬਿਜਲੀ ਦੇ ਖੰਭੇ ਤੋਂ ਤਾਰ ਟੁੱਟ ਜਾਣ ਕਾਰਨ ਸ਼ਾਟ ਸਰਕਟ ਹੋਣ ਦੇ ਚੱਲਦਿਆਂ ਕਰੀਬ ਤਿੰਨ ਏਕੜ ਕਣਕ ਦੀ ਫਸਲ ਜਲ ਕੇ ਰਾਖ ਹੋ ਗਈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪਿੰਡ ਰਾਜਪੁਰ ਭਾਈਆਂ ਦੇ ਕਿਸਾਨ ਮਨਜੀਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੇ ਤਿੰਨ ਏਕੜ ਜ਼ਮੀਨ ਪਿੰਡ ਤਾਜੋਵਾਲ ਵਿਖੇ ਠੇਕੇ 'ਤੇ ਲਈ ਹੋਈ ਹੈ, ਜਿਸ 'ਚ ਉਨ੍ਹਾਂ ਕਣਕ ਦੀ ਫਸਲ ਬੀਜੀ ਸੀ। ਉਨ੍ਹਾਂ ਦੱਸਿਆ ਕਿ ਕਣਕ ਪੂਰੀ ਤਰ੍ਹਾਂ ਪੱਕ ਕੇ ਤਿਆਰ ਹੋ ਚੱਕੀ ਸੀ ਤੇ ਇਸ ਦੌਰਾਨ ਖੇਤ ਉੱਪਰ ਦੀ ਲੰਘਣ ਵਾਲੀਆਂ ਬਿਜਲੀ ਦੀਆਂ ਤਾਰਾਂ 'ਚੋਂ ਇੱਕ ਤਾਰ ਟੁੱਟ ਗਈ ਤੇ ਜਿਸ ਕਾਰਨ ਸਾਟ ਸਰਕਟ ਹੋ ਜਾਣ ਕਾਰਨ ਕਣਕ ਦੀ ਫਸਲ ਨੂੰ ਅੱਗ ਲੱਗ ਗਈ। ਉਨ੍ਹਾਂ ਦੱਸਿਆ ਇਸ ਤੋਂ ਪਹਿਲਾਂ ਅੱਗ 'ਤੇ ਕਾਬੂ ਪਾਇਆ ਜਾਂਦਾ ਤਿੰਨ ਏਕੜ ਕਣਕ ਪੂਰੀ ਤਰਾਂ ਜਲ ਕੇ ਰਾਖ ਹੋ ਗਈ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਕਾਰਨ ਉਨ੍ਹਾਂ ਦੀ ਕਣਕ ਤੇ ਤੂੜੀ ਦਾ ਵੀ ਨੁਕਸਾਨ ਹੋਇਆ ਹੈ ਤੇ ਉਨ੍ਹਾਂ ਨੂੰ ਲੱਖਾਂ ਰੁਪਏ ਦਾ ਘਾਟਾ ਪਿਆ ਹੈ। ਮੌਕੇ 'ਤੇ ਇਕੱਤਰ ਹੋਏ ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਕਿਸਾਨ ਸਮੇਤ ਜਿਨ੍ਹਾਂ ਵੀ ਕਿਸਾਨਾਂ ਦਾ ਅਗਜਨੀ ਨਾਲ ਨੁਕਸਾਨ ਹੋਇਆ ਹੈ ਉਨ੍ਹਾਂ ਨੂੰ ਤੁਰੰਤ ਮੁਆਵਜਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਵੱਧ ਰਹੀਆਂ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਦੇਖਦਿਆਂ ਬਿਜਲੀ ਵਿਭਾਗ ਨੂੰ ਵੀ ਚਾਹੀਦਾ ਹੈ ਕਿ ਉਹ ਸਤਰਕ ਰਹੇ ਤੇ ਬਿਜਲੀ ਦਾ ਸਮਾਂ ਬਦਲਿਆ ਜਾਵੇ।

ਬੇਗਮਪੁਰ 'ਚ 'ਆਪ' ਆਗੂਆਂ ਨੇ ਸੁਸ਼ੀਲ ਰਿੰਕੂ ਦੇ ਹੱਕ ਕੀਤਾ ਚੋਣ ਪ੍ਰਚਾਰ

ਫਿਲੌਰ (ਨਿਰਮਲ)- ਫਿਲੌਰ ਦੇ ਨਜਦੀਕੀ ਪਿੰਡ ਬੇਗਮਪੁਰ ਵਿਖੇ ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਦੀ ਅਗਵਾਈ ਹੇਠ ਹਰਕਮਲ ਸਿੰਘ ਵੱਲੋਂ ਜ਼ਿਮਨੀ ਚੋਣ ਲੋਕ ਸਭਾ ਜਲੰਧਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ 'ਚ ਵਿਧਾਇਕ ਜਗਸੀਰ ਸਿੰਘ ਭੁੱਚੋ ਮੰਡੀ 'ਤੇ ਚੇਅਰਮੈਨ ਨੀਲ ਗਰਗ ਨੇ ਮੀਟਿੰਗ ਕੀਤੀ। ਜਗਸੀਰ ਸਿੰਘ ਵਿਧਾਇਕ ਭੁੱਚੋ ਮੰਡੀ, ਨੀਲ ਗਰਗ 'ਤੇ ਹਰਕਮਲ ਸਿੰਘ ਸਾਬਕਾ ਸਰਪੰਚ ਨੇ ਘਰ-ਘਰ ਜਾਕੇ ਵੋਟਰਾਂ ਨੂੰ ਝਾੜੂ ਦੇ ਨਿਸ਼ਾਨ ਦਾ ਬਣਨ ਦਬਾ ਕੇ ਵੋਟ ਪਾਉਣ ਲਈ ਅਪੀਲ ਕੀਤੀ। ਪੰਜਾਬ ਦੀ ਮਾਨ ਸਰਕਾਰ ਇੱਕ ਸਾਲ ਦੇ ਕੀਤੇ ਕੰਮਾਂ ਦੇ ਅਧਾਰ 'ਤੇ ਵੋਟਰਾਂ ਨੂੰ ਅਪੀਲ ਕੀਤੀ ਕਿ ਤੁਸੀਂ ਆਪਣਾ ਇੱਕ-ਇੱਕ ਕੀਮਤੀ ਵੋਟ ਆਮ ਆਦਮੀ ਪਾਰਟੀ ਨੂੰ ਪਾ ਕੇ ਪਾਰਟੀ ਸੁਪਰੀਮੋ ਕੇਜਰੀਵਾਲ ਅਤੇ ਭਗਵੰਤ ਮਾਨ ਦੇ ਹੱਥ ਮਜ਼ਬੂਤ ਕਰੋ। ਇਸ ਮੌਕੇ ਹਰਕਮਲ ਸਿੰਘ ਬੇਗਮਪੁਰ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਕਾਂਗਰਸ ਪਾਰਟੀ, ਭਾਜਪਾ 'ਤੇ ਤਿੱਖੇ ਵਾਰ ਕਰਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਨੇ ਪੰਜਾਬ 'ਚ ਲੰਬਾ ਸਮਾਂ ਰਾਜ ਕੀਤਾ 'ਤੇ ਇਨ੍ਹਾਂ ਨੇ ਪੰਜਾਬ ਦਾ ਭਲਾ ਨਹੀਂ ਸੋਚਿਆ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਇੱਕ ਸਾਲ ਪੂਰਾ ਹੋਇਆ ਹੈ ਪੰਜਾਬ ਵਾਸੀਆਂ ਨਾਲ ਕੀਤੇ ਵਾਅਦੇ ਇੱਕ ਇੱਕ ਪੂਰਾ ਕਰ ਰਹੀ ਹੈ। ਵੋਟਰਾਂ ਨੇ ਮਨ ਬਣ ਲਿਆ ਹੈ ਆਪ ਦੇ ਉਮੀਦਵਾਰ ਸੁਸੀਲ ਕੁਮਾਰ ਰਿੰਕੂ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ।

ਇਸ ਮੌਕੇ ਗੁਰਨਾਮ ਸਿੰਘ, ਗੁਰਚੇਤਨ ਸਿੰਘ, ਮਲਕੀਤ ਸਿੰਘ, ਰਾਜ ਕੁਮਾਰ ਪੰਚ,ਮੰਗਤ ਰਾਮ ਸਾਬਕਾ ਪੰਚ, ਜਸਕੀਰਤ ਲਾਲ ਅਤੇ ਹੋਰ ਹਾਜਰ ਸਨ।

ਰਿਆਤ ਬਾਹਰਾ 'ਵਰਸਿਟੀ 'ਚ ਰੋਜ਼ਗਾਰ ਮੇਲਾ

ਐਸ ਏ ਐਸ ਨਗਰ (ਗੁਰਜੀਤ ਬਿੱਲਾ)-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ/ਮਾਡਲ ਕੈਰੀਅਰ ਸੈਂਟਰ ਵੱਲੋਂ ਰਿਆਤ ਬਾਹਰਾ ਯੂਨੀਵਰਸਿਟੀ ਨਾਲ ਮਿਲ ਕੇ ਜ਼ਿਲ੍ਹੇ ਦੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਵਸਰ ਮੁਹੱਈਆ ਕਰਵਾਉਣ ਲਈ 25 ਅਪ੍ਰੈਲ ਨੂੰ ਰਿਆਤ ਬਾਹਰਾ ਯੂਨੀਵਰਸਿਟੀ, ਸਹੌੜਾਂ, ਖਰੜ ਵਿਖੇ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਡੀ.ਬੀ.ਈ.ਈ. ਵੱਲੋਂ ਵੱਖ-ਵੱਖ ਨਾਮੀ ਕੰਪਨੀਆਂ ਦੇ ਨਿਯੋਜਕਾਂ ਵੱਲੋਂ ਭਾਗ ਲਿਆ ਗਿਆ। ਜਿਸ ਵਿੱਚ ਪ੍ਰਾਰਥੀਆਂ ਲਈ ਟੈਲੀਕੋਮ, ਬੈਂਕਿੰਗ ਸੈਕਟਰ, ਫਾਰਮਾ ਸੈਕਟਰ, ਬੀ.ਪੀ.ਓ. ਅਤੇ ਆਈ.ਟੀ. ਆਦਿ ਸੈਕਟਰਾਂ ਵਿੱਚ ਆਸਾਮੀਆਂ ਉਪਲਬਧ ਸਨ। ਇਸ ਵਿੱਚ ਇੰਡਸਿੰਡ ਬੈਂਕ, ਟੈਲੀਪਰਫੋਰਮੈਂਸ, ਜੋਸ਼ੀ ਆਟੋਜ਼, ਏਅਰਟੈਲ, ਕੁਨੈਕਟ ਬ੍ਰਾਡਬੈਂਡ ਅਤੇ ਤਿੰਨ ਫਾਰਮਾ ਕੰਪਨੀਆਂ ਵੱਲੋਂ ਭਾਗ ਲਿਆ ਗਿਆ। ਜਿਸ ਵਿੱਚ ਗੈਜ਼ੂਏਟ ਅਤੇ ਫਾਰਮੇਸੀ ਨਾਲ ਸੰਬੰਧਤ ਪ੍ਰਾਰਥੀਆਂ ਵੱਲੋਂ ਭਾਗ ਲਿਆ ਗਿਆ। ਰੋਜ਼ਗਾਰ ਮੇਲੇ 'ਚ ਕੁੱਲ 110 ਪ੍ਰਾਰਥੀਆਂ ਨੇ ਭਾਗ ਲਿਆ ਅਤੇ 87 ਪ੍ਰਾਰਥੀਆਂ ਨੂੰ ਮੌਕੇ 'ਤੇ ਸ਼ਾਰਟਲਿਸਟ ਕੀਤਾ ਗਿਆ। ਵਧੇਰੇ ਜਾਣਕਾਰੀ ਦਿੰਦਿਆਂ ਮੀਨਾਕਸ਼ੀ ਗੋਇਲ, ਡਿਪਟੀ ਡਾਇਰੈਕਟਰ ਡੀ.ਬੀ.ਈ.ਈ. ਨੇ ਦੱਸਿਆ ਕਿ ਡੀ.ਬੀ.ਈ.ਈ. ਵੱਲੋਂ ਬੇਰੁਜ਼ਗਾਰ ਪ੍ਰਾਰਥੀਆਂ ਲਈ ਨਾਮੀ ਕੰਪਨੀਆਂ ਦੀ ਸ਼ਮੂਲੀਅਤ ਨਾਲ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਗਿਆ ਅਤੇ ਵੱਧ ਤੋਂ ਵੱਧ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਲਈ ਉਪਰਾਲਾ ਕੀਤਾ ਗਿਆ।

ਰਿੰਕੂ ਦੇ ਹੱਕ 'ਚ ਮਾਨ ਦੀ ਅਗਵਾਈ 'ਚ ਕੀਤਾ ਰੋਡ ਸ਼ੋਅ

ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ) -ਐਮ ਐਲ ਏ ਇੰਦਰਜੀਤ ਕੌਰ ਮਾਨ ਦੀ ਅਗਵਾਈ ਵਿਚ ਲੋਕ ਸਭਾ ਜ਼ਿਮਨੀ ਚੋਣ ਨੂੰ ਦੇਖਦੇ ਹੋਏ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਚੋਣ ਪ੍ਰਚਾਰ ਲਈ ਰੋਡ ਸ਼ੋਅ ਕੀਤਾ ਗਿਆ। ਇਹ ਪਿੰਡ ਉਗੀ ਤੋਂ ਅਰੰਭ ਹੋਇਆ। ਇਸ ਰੋਡ ਸ਼ੋਅ ਵਿਚ ਭਾਰੀ ਗਿਣਤੀ ਵਿੱਚ ਅਹੁਦੇਦਾਰ ਸਰਕਲ ਪ੍ਰਧਾਨ ਆਮ ਵਲੰਟੀਅਰ ਸ਼ਾਮਲ ਹੋਏ। ਇਹਨਾਂ ਵਿੱਚ ਭਾਈ ਉਤਸ਼ਾਹ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ ਇਸ ਵਾਰ ਜਲੰਧਰ ਲੋਕ ਸਭਾ ਦੇ ਵੋਟਰ ਆਮ ਆਦਮੀ ਪਾਰਟੀ ਨੂੰ ਮੌਕਾ ਦੇਣਾ ਚਾਹੁੰਦੇ ਹਨ ਤੇ ਸੁਸ਼ੀਲ ਰਿੰਕੂ ਭਾਰੀ ਬਹੁਮਤ ਨਾਲ ਸੀਟ ਜਿੱਤਣਗੇ। ਇਸ ਮੌਕੇ ਜਸਵੀਰ ਸਿੰਘ ਧੰਜਲ , ਅਮਨਦੀਪ ਸਿੰਘ ਮਾਨ, ਸ਼ਾਂਤੀ ਸਰੂਪ ਜ਼ਿਲ੍ਹਾ ਸਕੱਤਰ ਐਸ ਸੀ ਐਸ ਟੀ ਵਿੰਗ , ਨਰੇਸ਼ ਕੁਮਾਰ ,ਪ੍ਰਦੀਪ ਸ਼ੇਰਪੁਰ,ਸੁਖਵਿੰਦਰ ਗਡਵਾਲ,ਜੀਵਨ ਸਹੋਤਾ ,ਨਰਿੰਦਰ ਸ਼ਰਮਾ ,ਹਿਮਾਂਸ਼ੂ ਜੈਨ , ਮੰਗਲ ਸਿੰਘ ,ਅਮਿਤ ਕੰਵਰ ,ਤਾਰਾ ਪ੍ਰਕਾਸ਼ ,ਮਿੱਟੂ ਧੀਰ ,ਸੰਜੀਵ ਟੱਕਰ, ਸੰਦੀਪ ਸੋਢੀ ,ਬੋਬੀ ਸ਼ਰਮਾ,ਮਨਮੋਹਨ ਸਿੰਘ ਟੱਕਰ , ਸੁਰਿੰਦਰ ਕੁਮਾਰ ਉੱਗੀ ,ਨਰੇਸ਼ ਕੁਮਾਰ ਵਿੱਕੀ ,ਨਿੱਕਾ ਖਾਨ , ਅਸ਼ਵਨੀ ਕੁਮਾਰ ਕੋਹਲੀ ,ਰਾਣਾ ਮੁਧ, ਵਿੱਕੀ ਭਗਤ ,ਅਮਿਤ ਅਹੁਜਾ ,ਸੰਜੀਵ ਅਮ੍ਰਿਤ ਕਾਂਗਨਾ , ਸੈਦਪੁਰ ਵਿਜੇ ਮੁਹੱਲਾ ਸਰਾਂ ,ਜਸਪ੍ਰੀਤ ਸਿੰਘ ਐਡਵੋਕੇਟ ,ਕੇਵਲ ਮਹੇ,ਲਾਲੀ ਕੰਗਾਂ ਆਦਿ ਹਾਜਰ ਸਨ ।

ਬੇਅਦਬੀ ਕਰਨ ਵਾਲਿਆਂ 'ਤੇ ਸਖਤ ਕਰਵਾਈ ਨਹੀਂ ਕਰ ਰਹੀ ਪੰਜਾਬ ਸਰਕਾਰ : ਰਾਣਾ ਸੋਢੀ

ਜਲੰਧਰ(ਇਕਬਾਲ ਸਿੰਘ ਉਭੀ): ਇਤਿਹਾਸਿਕ ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਤੇ ਗੋਲੇਵਾਲਾ ਪਿੰਡ ਵਿੱਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਦੀ ਘੋਰ ਨਿੰਦਾ ਕਰਦੇ ਹੋਏ ਸਥਾਨਕ ਭਾਜਪਾ ਦਫਤਰ ਵਿਖੇ ਭਾਜਪਾ ਦੇ ਕੌਮੀ ਕਾਰਜਕਾਰਨੀ ਮੈਂਬਰ ਤੇ ਸਾਬਕਾ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਨੇ ਕਿਹਾ ਕਿ ਬੇਅਦਬੀ ਕਰਨ ਵਾਲਿਆਂ ਖਿਲਾਫ ਮੌਜੂਦਾ ਪੰਜਾਬ ਸਰਕਾਰ ਵੱਲੋਂ ਸਖਤ ਕਰਵਾਈ ਨਾ ਹੋਣ ਕਾਰਨ ਸ਼ਰਾਰਤੀ ਅਨਸਰਾਂ ਦੇ ਹੌਸਲੇ ਬੁਲੰਦ ਹਨ। ਅਪਰਾਧੀਆਂ ਨੂੰ ਅਮਨ ਕਾਨੂੰਨ ਦਾ ਕੋਈ ਡਰ ਭੈਅ ਨਹੀਂ ਹੈ ਅਤੇ ਉਹ ਰੋਜ਼ਾਨਾ ਕਿਤੇ ਨਾ ਕਿਤੇ ਵਾਰ ਵਾਰ ਘਟਨਾਵਾਂ ਨੂੰ ਅੰਜਾਮ ਦੇ ਰਹੇ ਹਨ। ਸੋਢੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬੇਅਦਬੀ ਮਾਮਲੇ ਵਿੱਚ ਇਨਸਾਫ ਦੇਣ ਦਾ ਆਪਣਾ ਵਾਅਦਾ ਪੂਰਾ ਨਹੀਂ ਕੀਤਾ। ਸੂਬੇ ਵਿੱਚ ਨਿੱਤ ਨਵੀਆਂ ਬੇਅਦਬੀਆਂ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਇਸ ਦੀ ਕੋਈ ਚਿੰਤਾ ਨਹੀਂ। ਉਹਨਾਂ ਕਿਹਾ ਇਸ ਦੇ ਪਿੱਛੇ ਕਿਹੜੀਆਂ ਸਾਜਿਸ਼ਾਂ ਹਨ, ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਪੰਜਾਬ ਨੂੰ ਖੁਸ਼ਹਾਲ ਤੇ ਰੰਗਲਾ ਸਿਰਫ ਤੇ ਸਿਰਫ ਬੀਜੇਪੀ ਹੀ ਬਣਾ ਸਕਦੀ ਹੈ। ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬੀਆ ਖਾਸ ਕਰ ਸਿੱਖਾਂ ਦੇ ਦਹਾਕਿਆਂ ਤੋ ਲਟਕ ਰਹੇ ਮਾਮਲਿਆਂ ਦਾ ਆਪਣੇ ਨੌਂ ਸਾਲ ਦੇ ਸਾਸ਼ਨ ਵਿੱਚ ਵੱਡੀ ਪੱਧਰ 'ਤੇ ਹੱਲ ਕੀਤਾ ਹੈ, ਜਿਵੇਂ ਦਿੱਲੀ ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜਾਵਾਂ ਦੇਣਾ, ਕਾਲੀ ਸੂਚੀ ਖਤਮ ਕਰਨਾ, ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲਣਾ, ਸ੍ਰੀ ਦਰਬਾਰ ਸਾਹਿਬ ਦੇ ਲਈ ਐਫਸੀਆਰਏ ਰਜਿਸਟ੍ਰੇਸ਼ਨ, ਟੈਕਸ ਫ੍ਰੀ ਲੰਗਰ, ਸ੍ਰੀ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣਾ, ਜਲ੍ਹਿਆਂ ਵਾਲਾ ਬਾਗ ਯਾਦਗਾਰ ਦਾ ਨਵੀਨੀਕਰਣ, ਅਫਗਾਨਿਸਤਾਨ ਵਿੱਚੋਂ ਅਦਬ ਤੇ ਸਤਿਕਾਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆ ਬੀੜਾਂ (ਸਵਰੂਪਾਂ) ਨੂੰ ਭਾਰਤ ਲਿਆਉਣਾ ਆਦਿ। ਰਾਣਾ ਸੋਢੀ ਨੇ ਕਿਹਾ ਕਿ ਜਨਵਰੀ 2024 ਤੋਂ ਦੇਸ਼ ਦੀਆਂ ਸਾਰੀਆਂ ਪ੍ਰੀਖਿਆਵਾਂ ਪੰਜਾਬੀ ਵਿੱਚ ਵੀ ਦਿੱਤੀਆਂ ਜਾ ਸਕਣਗੀਆਂ, ਇਹ ਦੇਸ਼ ਦੇ ਪ੍ਰਧਾਨ ਮੰਤਰੀ ਦਾ ਪੰਜਾਬੀਆ ਲਈ ਤੋਹਫਾ ਹੈ। ਇਸ ਮੌਕੇ ਸੂਬਾਈ ਬੁਲਾਰੇ ਅਨਿਲ ਸਰੀਨ, ਸਾਬਕਾ ਵਿਧਾਇਕ ਮੋਹਨ ਸਿੰਘ ਬੰਗੀ, ਸੰਤੋਖ ਸਿੰਘ ਗੁਮਟਾਲਾ, ਜ਼ਿਲ੍ਹਾ ਜਲੰਧਰ ਉੱਤਰੀ ਦੇ ਪ੍ਰਧਾਨ ਡਾ: ਰਜਨੀਸ਼ ਪਵਾਰ, ਭਾਜਪਾ ਦੇ ਸੂਬਾ ਮੀਡੀਆ ਸਕੱਤਰ ਜਨਾਰਦਨ ਸ਼ਰਮਾ, ਹਰਦੇਵ ਸਿੰਘ ਉੱਭਾ, ਅਮਿਤ ਭਾਟੀਆ ਆਦਿ ਵੀ ਹਾਜਰ ਸਨ।

ਨੰਗਲ ਫਲਾਈਓਵਰ ਦੀ ਮਾਰ ਆੜ੍ਹਤੀਆਂ ਤੇ ਕਿਸਾਨਾਂ ਨੂੰ ਵੀ ਪਈ

ਨੰਗਲ (ਸੁਰਜੀਤ ਢੇਰ) ਸ਼ਹਿਰ 'ਚ ਬਣ ਰਹੇ ਫਲਾਈਓਵਰ ਦੀ ਮਾਰ ਆੜ੍ਹਤੀਆਂ ਅਤੇ ਕਿਸਾਨਾਂ ਨੂੰ ਵੀ ਵੱਡੇ ਪੱਧਰ 'ਤੇ ਪੈ ਰਹੀ ਹੈ। ਅਨਾਜ ਮੰਡੀ ਕੱਚੇ ਫੜਾਂ ਤੇ ਚੱਲ ਰਹੀ ਹੈ। ਦੂਜੇ ਪਾਸੇ ਫਲਾਈਓਵਰ ਦੀ ਉਸਾਰੀ ਕਰਕੇ ਕਿਸਾਨ ਮੰਡੀ 'ਚ ਅਨਾਜ ਨਹੀਂ ਲੈ ਕੇ ਨਹੀਂ ਆ ਰਿਹਾ ਹੈ। ਇਥੇ ਕੁੱਲ ਹਿੰਦ ਕਿਸਾਨ ਸਭਾ ਦੇ ਜਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ, ਰਕੇਸ਼ ਬਾਲੀ ਕਲਸੇੜਾ, ਕੇਵਲ ਕ੍ਰਿਸਨ, ਸਤਨਾਮ ਸਿੰਘ ਸੇਰਾ ਦੀ ਅਗਵਾਈ ਹੇਠ ਸਥਾਨਕ ਅਨਾਜ ਮੰਡੀ ਵਿੱਚ ਬਾਬਾ ਕਰਮ ਸਿੰਘ ਚੀਮਾ ਭਵਨ ਚੰਡੀਗੜ੍ਹ ਦਫਤਰ ਲਈ ਕਣਕ ਇਕੱਠੀ ਕੀਤੀ। ਆੜ੍ਹਤੀਆਂ ਅਤੇ ਕਿਸਾਨਾਂ ਨੇ ਭਰਭੂਰ ਸਹਿਯੋਗ ਦਿੱਤਾ। ਇਸ ਮੌਕੇ ਕਿਸਾਨ ਆਗੂਆਂ ਨੇ ਗਹਿਰੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਫਲਾਈਓਵਰ ਦੇ ਕਾਰਨ ਅਨਾਜ ਮੰਡੀ ਸ਼ਿਫਟ ਕੀਤੀ ਗਈ ਹੈ। ਨਵੀਂ ਜਗ੍ਹਾ 'ਤੇ ਕੋਈ ਸਹੂਲਤ ਵਗੈਰਾ ਵੀ ਨਹੀਂ ਹੈ। ਇਸ ਦੇ ਨਾਲ ਹੀ ਕੱਚੀ ਜਗ੍ਹਾ ਹੈ। ਇਲਾਕੇ ਦੇ ਕਿਸਾਨ ਸ਼ਹਿਰ 'ਚ ਜਾਮ ਲੱਗਣ ਕਾਰਨ ਫਸਲ ਲੈ ਕੇ ਆਉਣ ਤੋਂ ਕੰਨੀ ਕਤਰਾਉਂਦੇ ਹਨ। ਜਿਸ ਦਾ ਖਮਿਆਜਾ ਆੜ੍ਹਤੀ ਭੁਗਤ ਰਹੇ ਹਨ। ਕਿਸਾਨ ਆਗੂਆਂ ਨੇ ਮੰਗ ਕੀਤੀ ਫਲਾਈਓਵਰ ਦੀ ਉਸਾਰੀ ਜਲਦੀ ਤੋਂ ਜਲਦੀ ਕੀਤੀ ਜਾਵੇ ਅਤੇ ਅਨਾਜ ਮੰਡੀ ਦੀ ਪੁਰਾਣੀ ਜਗ੍ਹਾ ਦੇ ਫੜ੍ਹ ਨੂੰ ਪੱਕਾ ਕੀਤਾ ਜਾਵੇ ਆਉਣ ਵਾਲੇ ਸਾਉਣੀ ਦੀ ਫਸਲ ਦੀ ਖਰੀਦ ਪੁਰਾਣੀ ਜਗ੍ਹਾ ਹੀ ਕੀਤੀ ਜਾਵੇ।

ਆੜ੍ਹਤੀਆਂ ਨੇ ਆਪਣੇ ਦੁੱਖ ਦੱਸਦਿਆਂ ਦੱਸਿਆ ਕਿ ਨਵੀਂ ਜਗ੍ਹਾ 'ਤੇ ਅਨਾਜ ਵੀ ਘੱਟ ਆ ਰਿਹਾ ਹੈ ਤੇ ਖਰੀਦਦਾਰ ਵੀ ਨਹੀਂ ਆ ਰਿਹਾ ਹੈ। ਵੱਡੇ ਪੱਧਰ 'ਤੇ ਆਰਥਿਕ ਮਾਰ ਪੈ ਰਹੀ ਹੈ। ਹੁਣ ਤੱਕ ਸਾਡੀਆਂ ਮੁਸ਼ਕਲਾਂ ਦਾ ਹੱਲ ਕਿਸੇ ਵੀ ਸਰਕਾਰ ਨਹੀਂ ਕੀਤਾ। ਇਸ ਮੌਕੇ ਤੇ ਬਲਵਿੰਦਰ ਸਿੰਘ ਬੇਲਾ, ਅਮਰੀਕ ਸਿੰਘ ਬੇਲਾ,ਦੀਪ ਸਿੰਘ, ਮਨਦੀਪ ਸਿੰਘ ਬੇਲਾ ਅਤੇ ਸੋਮ ਨਾਥ ਅਜੌਲੀ ਵੀ ਹਾਜ਼ਰ ਸਨ।

ਚੋਣ ਕਮਿਸ਼ਨ ਕੋਲ ਚੀਫ ਇੰਜੀਨੀਅਰ ਦੀ ਕੀਤੀ ਸ਼ਿਕਾਇਤ

ਜਲੰਧਰ, (ਸੁਰਿੰਦਰ ਕੁਮਾਰ) ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪੀ ਐਸ ਪੀ ਸੀ ਐਲ) ਦੇ ਚੀਫ ਇੰਜੀਨੀਅਰ ਜਤਿੰਦਰ ਸਿੰਘ ਜੋ ਆਮ ਆਦਮੀ ਪਾਰਟੀ ਦੇ ਆਦਮਪੁਰ ਤੋਂ ਵਿਧਾਇਕ ਬਲਕਾਰ ਸਿੰਘ ਦੇ ਨਜਦੀਕੀ ਰਿਸ਼ਤੇਦਾਰ ਹਨ, ਵੱਲੋਂ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਵਿਚ ਆਪ ਉਮੀਦਵਾਰ ਦੇ ਹੱਕ ਵਿਚ ਵੋਟਾਂ ਪਾਉਣ ਲਈ ਵੋਟਰਾਂ 'ਤੇ ਦਬਾਅ ਬਣਾਉਣ ਦੀ ਚੋਣ ਕਮਿਸ਼ਨ ਨੂੰ ਸ਼ਿਕਾਇਤ ਦਿੱਤੀ ਹੈ। ਇਸ ਗੱਲ ਦੀ ਜਾਣਕਾਰੀ ਦਿੰਦਿਆਂ ਅਕਾਲੀ ਦਲ ਦੇ ਲੀਗਲ ਸੈਲ ਦੇ ਪ੍ਰਧਾਨ ਐਡਵੋਕੇਟ ਅਰਸ਼ਦੀਪ ਸਿੰਘ ਕਲੇਰ ਨੇ ਦੱਸਿਆ ਕਿ ਇਕ ਸਰਕਾਰੀ ਮੁਲਾਜਮ ਵੱਲ

27-APRIL-PAGE-10.qxd 4/26/2023 10:10 PM Page 1

ਲਿਫਟਿੰਗ 'ਚ ਖੜੋਤ ਆਉਣ ਕਰਕੇ ਮੰਡੀਆਂ 'ਚ ਰੁਲਣ ਲੱਗੀ ਕਣਕ

ਮਲੋਟ, (ਗੁਰਮੀਤ ਸਿੰਘ ਮੱਕੜ) ਦਾਣਾ ਮੰਡੀ ਵਿਖੇ ਖ਼ਰੀਦ ਪ੍ਰਬੰਧਾਂ 'ਚ ਅਚਾਨਕ ਖੜੋਤ ਆਉਣ ਕਰਕੇ ਚਾਰ-ਚੁਫੇਰੇ ਕਣਕ ਦੇ ਅੰਬਾਰ ਲੱਗ ਚੁੱਕੇ ਹਨ, ਜਿਹੜੀ ਫ਼ਸਲ ਖਰੀਦ ਏਜੰਸੀਆਂ ਵਲੋਂ ਖ਼ਰੀਦੀ ਅਤੇ ਭਰੀ ਜਾ ਚੁੱਕੀ ਹੈ, ਉਸ ਦੀ ਵੀ ਸਮੇਂ ਸਿਰ ਲਿਫਟਿੰਗ ਨਾ ਹੋਣ ਕਰਕੇ ਬੋਰੀਆਂ ਦੇ ਅੰਬਾਰਾਂ ਤੋਂ ਇਲਾਵਾ ਬਾਕੀ ਜਿਹੜੀ ਕਣਕ ਦਾ ਅਜੇ ਭਾਅ ਹੀ ਨਹੀਂ ਲਾਇਆ ਗਿਆ, ਉਸਦੇ ਵੀ ਢੇਰਾਂ ਦੇ ਢੇਰ ਮੰਡੀਆਂ ਵਿੱਚ ਨਜ਼ਰ ਆ ਰਹੇ ਹਨ। ਖੁੱਲ੍ਹੇ ਅਸਮਾਨ ਹੇਠ ਪਈ ਅਨੇਕਾਂ ਟਨ ਕਣਕ ਮੌਸਮ ਦੇ ਬਦਲਦੇ ਮਿਜਾਜ਼ ਦੀ ਭੇਟ ਚੜ੍ਹਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਉਧਰ ਮੰਡੀ ਮਜ਼ਦੂਰ ਯੂਨੀਅਨ ਵਲੋਂ ਇਹ ਕਹਿ ਕਿ ਹੜਤਾਲ ਕਰ ਦਿੱਤੀ ਕਿ ਲਿਫਟਿੰਗ ਨਾ ਹੋਣ ਕਰਕੇ ਮੰਡੀਆਂ ਵਿਚ ਲੱਗੇ ਕਣਕ ਦੇ ਢੇਰਾਂ ਤੋਂ ਕਣਕ ਚੋਰੀ ਹੋ ਜਾਣ ਦੀ ਸੂਰਤ ਵਿੱਚ ਉਨ੍ਹਾਂ ਤੋਂ ਭਰਪਾਈ ਕਰਵਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਢੋਆ-ਢੁਆਈ ਵਿਚ ਖੜੋਤ ਦਾ ਖਮਿਆਜ਼ਾ ਵੀ ਉਨ੍ਹਾਂ ਨੂੰ ਹੀ ਭੁਗਤਣਾ ਪੈਂਦਾ ਹੈ।

ਆੜ੍ਹਤੀਆ ਐਸੋਸ਼ੀਏਸ਼ਨ ਦੇ ਪ੍ਰਧਾਨ ਮੁਨੀਸ਼ ਗੋਇਲ ਨੇ ਕਿਹਾ ਕਿ ਲਿਫਟਿੰਗ ਦੀ ਸਮੱਸਿਆ ਦਾ ਵੱਡਾ ਕਾਰਨ ਕਈ ਟਰੈਕਟਰ ਤੇ ਟਰਾਲੀ ਚਾਲਕਾਂ ਨੂੰ ਢੋਆ-ਢੁਆਈ ਦੇ ਕੰਮ ਤੋਂ ਪਾਸੇ ਕਰ ਦੇਣਾ ਹੈ ਅਤੇ ਨਵੇਂ ਤੇ ਅਣਤਜਰਬੇਕਾਰ ਠੇਕੇਦਾਰ, ਜਿਨ੍ਹਾਂ ਵੱਲੋਂ ਟਰੱਕ, ਟਰਾਲਿਆਂ ਦੇ ਅਗਾਊਂ ਪ੍ਰਬੰਧ ਨਾ ਕਰ ਪਾਉਣਾ ਵੀ ਲਿਫਟਿੰਗ ਪ੍ਰਭਾਵਤ ਹੋਣ ਦਾ ਇੱਕ ਵੱਡਾ ਕਾਰਨ ਮੰਨਿਆ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਤੱਕ ਕਰੀਬ 7 ਲੱਖ ਗੱਟੇ ਦੀ ਖਰੀਦ ਹੋ ਚੁੱਕੀ ਹੈ ਤੇ ਸਵਾ ਦੋ ਲੱਖ ਗੱਟਾ ਲਿਫਟ ਹੋ ਚੁੱਕਿਆ ਹੈ।

ਰੈੱਡ ਕਰਾਸ ਸਕਿੱਲ ਸੈਂਟਰ ਜਨੇਰ ਦੇ ਵਿਦਿਆਰਥੀਆਂ ਨੂੰ ਵੰਡੀਆਂ ਵਰਦੀਆਂ

ਮੋਗਾ (ਅਮਰਜੀਤ ਬੱਬਰੀ) ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਸੁਭਾਸ਼ ਚੰਦਰ ਵੱਲੋਂ ਰੈੱਡ ਕਰਾਸ ਦੇ ਨਸ਼ਾ ਛੁਡਾਊ ਕੇਂਦਰ ਜਨੇਰ ਵਿਖੇ ਚੱਲ ਰਹੇ ਸਕਿੱਲ ਸੈਂਟਰ ਦੇ ਸਿਖਿਆਰਥੀਆਂ ਨੂੰ ਵਰਦੀਆਂ ਦੀ ਵੰਡ ਕੀਤੀ ਗਈ।

ਸ੍ਰੀ ਸੁਭਾਸ਼ ਚੰਦਰ ਨੇ ਦੱਸਿਆ ਕਿ ਰੈੱਡ ਕਰਾਸ ਵੱਲੋਂ ਚਲਾਏ ਜਾ ਰਹੇ ਨਸ਼ਾ ਛੁਡਾਉ ਤੇ ਪੁਨਰ ਵਸੇਬਾ ਕੇਂਦਰ ਜਨੇਰ ਵਿਖੇ ਪੰਜਾਬ ਹੁਨਰ ਵਿਕਾਸ ਮਿਸ਼ਨ ਤਹਿਤ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਲਾਜ ਕਰਾ ਰਹੇ ਨੌਜਵਾਨਾਂ ਨੂੰ ਇਲਾਜ ਦੇ ਨਾਲ-ਨਾਲ ਸਟਰੀਟ ਫੂਡ ਵੈਂਡਰ ਦਾ ਕੋਰਸ ਵੀ ਕਰਾਇਆ ਜਾ ਰਿਹਾ ਹੈ ਤਾਂ ਜੁ ਭਵਿੱਖ ਵਿੱਚ ਇਹ ਨੌਜਵਾਨ ਰੋਜ਼ਗਾਰ ਪ੍ਰਾਪਤ ਕਰਦੇ ਹੋਏ ਅੱਗੇ ਵਧ ਸਕਣ।

ਇਨ੍ਹਾਂ ਸਿਖਿਆਰਥੀਆਂ ਵਿੱਚੋਂ ਦੋ ਮਹੀਨੇ ਦੇ ਸਟਰੀਟ ਫੂਡ ਵੈਂਡਰ ਦਾ ਕੋਰਸ ਕਰਨ ਉਪਰੰਤ ਪਾਸ ਹੋਣ ਵਾਲੇ ਉਮੀਦਵਾਰਾਂ ਨੂੰ ਸਰਕਾਰ ਵੱਲੋਂ ਸਰਟੀਫਿਕੇਟ ਪ੍ਰਦਾਨ ਕੀਤਾ ਜਾਵੇਗਾ ਅਤੇ ਯੋਗ ਇੱਛੁਕ ਨੌਜਵਾਨਾਂ ਨੂੰ ਰੋਜ਼ਗਾਰ/ਸਵੈ ਰੋਜ਼ਗਾਰ ਦੇ ਮੌਕੇ ਵੀ ਦਿੱਤੇ ਜਾਣਗੇ। ਰੋਜ਼ਾਨਾ ਟ੍ਰੇਨਿੰਗ ਦੌਰਾਨ ਫਾਸਟ ਫੂਡ, ਕੰਪਿਊਟਰ, ਯੋਗਾ, ਸਾਫਟ ਸਕਿੱਲ ਦੀਆਂ ਕਲਾਸਾਂ ਸਟਾਫ਼ ਵੱਲੋਂ ਲਾਈਆਂ ਜਾ ਰਹੀਆਂ ਹਨ।

ਇਸ ਮੌਕੇ ਜ਼ਿਲ੍ਹਾ ਮੈਨੇਜਰ ਸਕਿੱਲ ਡਿਵੈਲਪਮੈਂਟ ਮਨਪ੍ਰੀਤ ਕੌਰ ਤੇ ਪੁਸ਼ਰਾਜ ਝਾਜਰਾ ਆਈ.ਈ.ਸੀ. ਨੇ ਵੀ ਸਿਖਿਆਰਥੀਆਂ ਨੂੰ ਪੂਰੀ ਸ਼ਿੱਦਤ ਨਾਲ ਟ੍ਰੇਨਿੰਗ ਤੇ ਇਲਾਜ ਰਾਹੀਂ ਅੱਗੇ ਵਧਣ ਲਈ ਪ੍ਰੇਰਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿਕੰਦਰ ਗਿੱਲ ਢੁੱਡੀਕੇ ਵੱਲੋਂ ਸੈਂਟਰ ਦੇ ਵਿੱਚ ਇਲਾਜ ਕਰਾ ਰਹੇ ਨੌਜਵਾਨਾਂ ਨੂੰ ਕਾਊਂਸਲਿੰਗ ਕਰਦੇ ਹੋਏ ਨਸ਼ੇ ਦੇ ਮਾਰੂ ਪ੍ਰਭਾਵਾਂ ਬਾਰੇ ਜਾਗਰੂਕ ਕਰਦੇ ਹੋਏ ਨਸ਼ਾ ਮੁਕਤ ਜੀਵਨ ਜਿਊਣ ਲਈ ਪ੍ਰੇਰਿਆ।

ਇਸ ਮੌਕੇ ਰੈੱਡ ਕਰਾਸ ਦੇ ਇੰਚਾਰਜ ਹਰਪ੍ਰੀਤ ਸਿੰਘ, ਸੈਂਟਰ ਹੈੱਡ ਗੁਰਪ੍ਰੀਤ ਸਿੰਘ, ਪਲੇਸਮੈਂਟ ਹੈੱਡ ਮਨਪ੍ਰੀਤ ਕੌਰ ਤੇ ਜਗਮੀਤ ਲਾਲ ਸਮੇਤ ਸਮੁੱਚਾ ਸਟਾਫ਼ ਹਾਜ਼ਰ ਸੀ।

ਮਜ਼ਦੂਰ ਦਿਵਸ ਮੌਕੇ ਲਹਿਰਾ ਮੁਹੱਬਤ ਥਰਮਲ ਵਿਖੇ ਸਮਾਗਮ 'ਚ ਸ਼ਾਮਲ ਹੋਣ ਦਾ ਫੈਸਲਾ

ਬਠਿੰਡਾ (ਪਰਵਿੰਦਰ ਜੀਤ ਸਿੰਘ)- ਬਠਿੰਡੇ ਜ਼ਿਲ੍ਹੇ ਦੀਆਂ ਦਰਜਨ ਭਰ ਮਜ਼ਦੂਰ, ਕਿਸਾਨ, ਮੁਲਾਜ਼ਮ ਤੇ ਵਿਦਿਆਰਥੀ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਪਹਿਲੀ ਮਈ ਦਾ ਮਜ਼ਦੂਰ ਦਿਹਾੜਾ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਸਾਰੇ ਮਿਹਨਤਕਸ਼ ਵਰਗਾਂ ਦਾ ਸਾਂਝਾ ਇਕੱਠ ਸਨਅਤੀ ਕਾਮਿਆਂ ਦੇ ਕੇਂਦਰ ਲਹਿਰਾ ਮੁਹੱਬਤ ਥਰਮਲ ਵਿਖੇ ਕੀਤਾ ਜਾਵੇਗਾ। ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਸਭਾ ਦੇ ਆਗੂ ਅਸ਼ਵਨੀ ਘੁੱਦਾ ਅਤੇ ਸਰਬਜੀਤ ਮੌੜ ਨੇ ਕਿਹਾ ਕਿ ਪਹਿਲੀ ਮਈ ਦਾ ਮਜ਼ਦੂਰ ਦਿਹਾੜਾ ਦੁਨੀਆ ਭਰ ਦੇ ਮਿਹਨਤੀ ਲੋਕਾਂ ਦੇ ਏਕੇ ਨੂੰ ਬੁਲੰਦ ਕਰਨ ਤੇ ਕਿਰਤ ਦੀ ਰਾਖੀ ਲਈ ਸੰਘਰਸ਼ ਕਰਨ ਦੇ ਇਰਾਦਿਆਂ ਨੂੰ ਚੰਡਣ ਦਾ ਦਿਹਾੜਾ ਹੈ। ਆਗੂਆਂ ਕਿਹਾ ਕਿ ਇਸ ਦਿਨ ਸਾਂਝੇ ਲੋਕ ਮੁੱਦੇ ਉਭਾਰੇ ਜਾਣਗੇ ਤੇ ਉਨ੍ਹਾਂ ਮੁੱਦਿਆਂ ਦੇ ਹੱਲ ਲਈ ਸਾਂਝੇ ਲੋਕ ਘੋਲਾਂ ਦਾ ਸੱਦਾ ਦਿੱਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਸਾਮਰਾਜੀ ਸੰਸਾਰੀਕਰਨ ਦੀਆਂ ਲੁਟੇਰੀਆਂ ਨੀਤੀਆਂ ਸਅਨਤੀ ਮਜ਼ਦੂਰ ਜਮਾਤ ਦੇ ਨਾਲ-ਨਾਲ ਸਭਨਾਂ ਮਿਹਨਤਕਸ਼ ਵਰਗਾਂ ਨੂੰ ਹੀ ਦਰੜ ਰਹੀਆਂ ਹਨ। ਇਨ੍ਹਾਂ ਨੀਤੀਆਂ ਤਹਿਤ ਲਾਗੂ ਹੋ ਰਹੇ ਨਿੱਜੀਕਰਨ ਦੇ ਕਦਮ ਰੁਜ਼ਗਾਰ ਦਾ ਉਜਾੜਾ ਕਰ ਰਹੇ ਹਨ, ਮਹਿੰਗਾਈ 'ਚ ਵਾਧਾ ਕਰ ਰਹੇ ਹਨ ਤੇ ਲੋਕਾਂ ਦੀਆਂ ਕਿਰਤ ਕਮਾਈ ਦੀ ਲੁੱਟ ਹੋਰ ਤੇਜ਼ ਕਰ ਰਹੇ ਹਨ। ਨਵੇਂ ਲੇਬਰ ਕੋਡ ਲਾਗੂ ਕੀਤੇ ਜਾ ਰਹੇ ਹਨ। ਖੇਤੀ ਜ਼ਮੀਨਾਂ , ਪਾਣੀ ਦੇ ਸੋਮਿਆਂ ਤੇ ਦੇਸ਼ ਦੀਆਂ ਹੋਰ ਕੁਦਰਤੀ ਦਾਤਾਂ ਸਾਮਰਾਜੀ ਕੰਪਨੀਆਂ ਹਵਾਲੇ ਕੀਤੀਆਂ ਜਾ ਰਹੀਆਂ ਹਨ। ਸਿੱਖਿਆ, ਸਿਹਤ ਅਤੇ ਹੋਰ ਸੇਵਾਵਾਂ ਦੇ ਖੇਤਰ ਵੀ ਕੰਪਨੀਆਂ ਦੇ ਮੁਨਾਫਿਆਂ ਲਈ ਖੋਲ੍ਹ ਦਿੱਤੇ ਗਏ ਹਨ। ਆਰਥਕ ਸੁਧਾਰਾਂ ਦੇ ਨਾਂਅ ਹੇਠ ਲਾਗੂ ਕੀਤੇ ਜਾ ਰਹੇ ਇਹ ਕਦਮ ਸਾਮਰਾਜੀ ਕੰਪਨੀਆਂ, ਦੇਸੀ ਕਾਰਪੋਰੇਟਾਂ ਤੇ ਜਗੀਰਦਾਰਾਂ ਦੀ ਲੋਟੂ ਜਕੜ ਨੂੰ ਹੋਰ ਮਜ਼ਬੂਤ ਕਰ ਰਹੇ ਹਨ।

ਦੇਸ਼ 'ਚ ਫਿਰਕਾਪ੍ਰਸਤੀ ਫੈਲਾਈ ਜਾ ਰਹੀ ਹੈ। ਮੋਦੀ ਸਰਕਾਰ ਲੋਕਾਂ ਦੀ ਹੱਕੀ ਅਵਾਜ਼ ਨੂੰ ਕੁਚਲਣ ਲਈ ਨਵੇਂ-ਨਵੇਂ ਫੁਰਮਾਨ ਲਾਗੂ ਕਰ ਰਹੀ ਹੈ। ਪੰਜਾਬ ਦੀ ਆਪ ਸਰਕਾਰ ਵੀ ਨਿੱਜੀਕਰਨ ਦੇ ਹੱਲੇ ਨੂੰ ਹੀ ਅੱਗੇ ਵਧਾ ਰਹੀ ਹੈ ਤੇ ਲੋਕਾਂ ਦੀ ਬਿਹਤਰੀ ਦੇ ਇਨ੍ਹਾਂ ਦੇ ਦਾਅਵੇ ਪੂਰੀ ਤਰ੍ਹਾਂ ਗੁਮਰਾਹਕੁੰਨ ਹਨ। ਇਸ ਦਿਹਾੜੇ ਮੌਕੇ ਨਿੱਜੀਕਰਨ ਉਦਾਰੀਕਰਨ ਦੀਆਂ ਨੀਤੀਆਂ ਰੱਦ ਕਰਨ, ਹਰ ਤਰ੍ਹਾਂ ਦੇ ਨਿੱਜੀਕਰਨ ਦੇ ਕਦਮ ਰੋਕਣ, ਰੈਗੂਲਰ ਰੁਜ਼ਗਾਰ ਦੇ ਇੰਤਜ਼ਾਮ ਕਰਨ, ਸਿਹਤ ਸਿੱਖਿਆ ਤੇ ਹੋਰ ਸੇਵਾਵਾਂ ਬੇਹੱਦ ਸਸਤੀਆਂ ਦਰਾਂ 'ਤੇ ਮੁਹੱਈਆ ਕਰਵਾਉਣ, ਠੇਕਾ ਰੁਜ਼ਗਾਰ ਦੀ ਨੀਤੀ ਰੱਦ ਕਰਨ, ਸਾਮਰਾਜੀ ਕੰਪਨੀਆਂ ਦੀ ਹਰ ਵੰਨਗੀ ਦੀ ਲੁੱਟ ਰੋਕਣ, ਨਵੀਂ ਸਿੱਖਿਆ ਨੀਤੀ ਰੱਦ ਕਰਨ, ਸਭਨਾਂ ਮਹਿਕਮਿਆਂ ਦੀਆਂ ਖਾਲੀ ਅਸਾਮੀਆਂ ਭਰਨ, ਟੋਲ ਟੈਕਸ ਦੀ ਨੀਤੀ ਰੱਦ ਕਰਨ, ਨਵੇਂ ਲੇਬਰ ਕੋਡ ਰੱਦ ਕਰਨ, ਸਰਵ ਵਿਆਪਕ ਜਨਤਕ ਵੰਡ ਪ੍ਰਣਾਲੀ ਲਾਗੂ ਕਰਨ, ਐਮ ਐਸ ਪੀ 'ਤੇ ਫਸਲਾਂ ਦੀ ਸਰਕਾਰੀ ਖਰੀਦ ਦੀ ਗਰੰਟੀ ਕਾਨੂੰਨ, ਕਾਰਪੋਰੇਟ ਕਾਰੋਬਾਰਾਂ 'ਤੇ ਭਾਰੀ ਟੈਕਸ ਲਾਉਣ ਤੇ ਉਗਰਾਹੁਣ, ਹਰ ਤਰ੍ਹਾਂ ਦੇ ਜਾਬਰ ਤੇ ਕਾਲੇ ਕਾਨੂੰਨ ਰੱਦ ਕਰਨ, ਛੋਟੀ ਤੇ ਘਰੇਲੂ ਸਨਅਤ ਲਈ ਲਾਹੇਵੰਦ ਨੀਤੀਆਂ ਬਣਾਉਣ, ਵਾਤਾਵਰਣ ਤਬਾਹੀ ਵਾਲੇ ਮੈਗਾ ਪ੍ਰਜੈਕਟ ਰੱਦ ਕਰਨ, ਪਾਣੀ ਦਾ ਨਿੱਜੀਕਰਨ ਰੋਕਣ ਤੇ ਸਭਨਾਂ ਲੋਕਾਂ ਨੂੰ ਸਾਫ ਪਾਣੀ ਮਹੱਈਆ ਕਰਵਾਉਣ, ਸੰਸਾਰ ਵਪਾਰ ਸੰਸਥਾ ਸਮੇਤ ਸਭਨਾਂ ਸਾਮਰਾਜੀ ਸੰਸਥਾਵਾਂ 'ਚੋਂ ਬਾਹਰ ਆਉਣ, ਪ੍ਰਾਈਵੇਟ ਥਰਮਲਾਂ ਨਾਲ ਕੀਤੇ ਸਮਝੌਤੇ ਰੱਦ ਕਰਨ, ਕਿਸਾਨਾਂ-ਮਜ਼ਦੂਰਾਂ ਸਮੇਤ ਲੋਕ ਪੱਖੀ ਖੇਤੀ ਮਾਡਲ ਲਾਗੂ ਕਰਨ, ਕਿਸਾਨਾਂ-ਮਜਦੂਰਾਂ ਸਮੇਤ ਸਭਨਾਂ ਕਿਰਤੀਆਂ ਨੂੰ ਗੁਜ਼ਾਰੇ ਲਾਇਕ ਪੈਨਸ਼ਨ ਦਾ ਹੱਕ ਦੇਣ, ਸਭਨਾਂ ਦੇ ਘਰੇ ਪੋਂਛੂ/ਸ਼ਹਿਰੀ ਲੋਕਾਂ ਨੂੰ ਪਲਾਟ/ਮਕਾਨ ਦਿੱਤੇ ਜਾਣ ਵਰਗੇ ਅਹਿਮ ਮੁੱਦੇ ਉਭਾਰੇ ਜਾਣਗੇ।

ਕਾਤਰਾਂ

ਸ੍ਰੀ ਰਮਾਇਣ ਦਾ ਪਾਠ ਕਰਵਾਇਆ

ਫਰੀਦਕੋਟ (ਐਲਿਗਜੈਂਡਰ ਡਿਸੂਜਾ) -ਸਥਾਨਕ ਰਾਮਬਾਗ ਸਥਿਤ ਸ੍ਰੀ ਮਹਾਕਾਲ ਸ਼ਿਵ ਮੰਦਰ ਵਿਖੇ ਪਹਿਲੀ ਵਾਰ ਸ੍ਰੀ ਰਾਮਾਇਣ ਜੀ ਦਾ ਪਾਠ ਬੀਤੀ 22 ਅਪ੍ਰੈਲ ਦਿਨ ਸ਼ਨੀਵਾਰ ਨੂੰ ਕਰਵਾਇਆ ਗਿਆ। ਇਸ ਮੌਕੇ ਅਸ਼ੋਕ ਜੈਨ ਨੇ ਦੱਸਿਆ ਕਿ ਅਸ਼ੋਕ ਭਟਨਾਗਰ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਮਹਾਕਾਲ ਸ਼ਿਵ ਮੰਦਰ 'ਚ ਪਹਿਲੀ ਵਾਰ ਸ੍ਰੀ ਰਾਮਾਇਣ ਦਾ ਪਾਠ ਕਰਵਾਇਆ ਗਿਆ। ਇਸ ਪ੍ਰੋਗਰਾਮ 'ਚ ਰਾਮਬਾਗ ਕਮੇਟੀ ਨੇ ਭਟਨਾਗਰ ਨੂੰ ਪੂਰਾ ਸਹਿਯੋਗ ਦਿੱਤਾ। ਇਸ ਮੌਕੇ ਅਸ਼ੋਕ ਭਟਨਾਗਰ ਨੇ ਸ੍ਰੀ ਰਾਮਾਇਣ ਦੇ ਪਾਠ 'ਚ ਆਉਣ ਵਾਲੀਆਂ ਸਾਰੀਆਂ ਸੰਗਤਾਂ ਦਾ ਸਵਾਗਤ ਕੀਤਾ। ਉਨ੍ਹਾ ਦੱਸਿਆ ਕਿ ਇਹ ਪਾਠ ਫਰੀਦਕੋਟ ਵਾਸੀਆਂ ਦੀ ਸੁੱਖ ਸ਼ਾਂਤੀ ਲਈ ਕਰਵਾਇਆ ਗਿਆ। ਪਾਠ ਉਪਰੰਤ ਮਾਲ-ਪੂੜੇ ਦਾ ਅਟੂੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਅਸ਼ੋਕ ਜੈਨ, ਅਸ਼ੋਕ ਭਟਨਾਗਰ, ਸ਼ਾਮ ਲਾਲ ਸ਼ਰਮਾ, ਚੌਧਰੀ ਕਿਸ਼ੋਰ ਕੁਮਾਰ, ਪ੍ਰੇਮ ਕੁਮਾਰ, ਅਸ਼ੋਕ ਸੇਠੀ ਦਵਾਈਆਂ ਵਾਲਾ, ਰਣਦੀਪ ਸਿੰਘ ਟੋਪੀਵਾਲਾ, ਵਰਿੰਦਰ ਗੋਇਲ, ਬ੍ਰਿਜੇਂਦਰ ਵਿਰਕ, ਰਾਮਬਾਗ ਕਮੇਟੀ ਪ੍ਰਧਾਨ ਪ੍ਰਵੀਨ ਕੁਮਾਰ ਕਾਲਾ, ਸ੍ਰੀ ਹਨੂੰਮਾਨ ਗੜ੍ਹੀ ਮੰਦਰ ਦੀ ਸਮੂਹ ਪ੍ਰਬੰਧਕ ਕਮੇਟੀ ਅਤੇ ਹੋਰ ਸ਼ਹਿਰ ਵਾਸੀ ਹਾਜ਼ਰ ਸਨ।

ਸੇਵਾ ਕੇਂਦਰ ਦੀ ਬਿਲਡਿੰਗ ਬਣੀ ਨਸ਼ੇੜੀਆਂ ਦਾ ਅੱਡਾ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਸਥਾਨਕ ਰੋਟਰੀ ਕਲੱਬ ਨੇੜੇ ਬਣੀ ਸੇਵਾ ਕੇਂਦਰ ਦੀ ਬੰਦ ਬਿਲਡਿੰਗ 'ਚ ਭਾਰੀ ਮਾਤਰਾ 'ਚ ਟੀਕੇ , ਪੱਤੇ ਤੇ ਲਾਈਟਰ ਬਰਾਮਦ ਹੋਏ ਜਿਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸੇਵਾ ਕੇਂਦਰ ਦੀ ਬਿਲਡਿੰਗ ਨਸ਼ੇੜੀਆਂ ਦਾ ਅੱਡਾ ਬਣੀ ਹੋਈ ਹੈ। ਲੋਕਾਂ ਨੂੰ ਵੱਖ ਵੱਖ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਬਣਾਏ ਇਸ ਸੇਵਾ ਕੇਂਦਰ ਨੂੰ ਪਿਛਲੀ ਕਾਗਰਸ ਸਰਕਾਰ ਸਮੇਂ ਬੰਦ ਕਰ ਦਿੱਤਾ ਗਿਆ ਸੀ। ਲੱਖਾਂ ਰੁਪਏ ਦੀ ਲਾਗਤ ਨਾਲ ਬਣੀ ਇਸ ਸੇਵਾ ਕੇਂਦਰ ਦੀ ਬਿਲਡਿੰਗ ਤੇ ਇਸ ਵਿੱਚ ਪਏ ਸਾਮਾਨ 'ਤੇ ਹੁਣ ਨਸ਼ੇੜੀਆਂ ਨੇ ਕਬਜ਼ਾ ਕਰ ਲਿਆ ਹੈ। ਸੇਵਾ ਕੇਂਦਰ ਦੀ ਪਿਛਲੀ ਬਾਰੀ ਤੋੜ ਉਸ 'ਚੋਂ ਸੇਵਾ ਕੇਂਦਰ ਦੇ ਅੰਦਰ ਜਾਣ ਦਾ ਰਸਤਾ ਬਣਾ ਨਸ਼ੇੜੀਆਂ ਨੇ ਜਿਥੇ ਇਸ ਨੂੰ ਆਪਣਾ ਅੱਡਾ ਬਣਾ ਲਿਆ ਉਥੇ ਇਸ ਵਿੱਚ ਪਏ ਸਮਾਨ ਨੂੰ ਵੇਚ ਕੇ ਨਸ਼ੇ ਦੀ ਪੂਰਤੀ ਵੀ ਕਰਨ ਲੱਗ ਪਏ। ਮੁਹੱਲਾ ਵਾਸੀਆਂ ਸਮੇਤ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਨੀਲ ਬਿੱਟਾ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਨਸ਼ੇੜੀਆਂ ਵੱਲੋਂ ਸੇਵਾ ਕੇਂਦਰ ਦੀ ਬਿਲਡਿੰਗ ਦਾ ਦੁਰਪ੍ਰਯੋਗ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਪ੍ਰਤੀ ਕਈ ਵਾਰ ਪੁਲਸ ਪ੍ਰਸ਼ਾਸਨ ਨੂੰ ਜਾਣੂੰ ਕਰਵਾਇਆ ਪਰ ਸਮੱਸਿਆਂ ਜਿਓਂ ਦੀ ਤਿਓਂ ਬਣੀ ਹੋਈ ਹੈ। ਉਨ੍ਹਾਂ ਪੁਲਸ ਦੇ ਉੱਚ ਅਧਿਕਾਰੀਆਂ ਸਮੇਤ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਹੈ ਮੁਹੱਲਾ ਵਾਸੀਆਂ ਤੇ ਆਮ ਲੋਕਾਂ ਦੀ ਸੁਰੱਖਿਆਂ ਨੂੰ ਵੇਖਦਿਆਂ ਇਥੇ ਚੱਲ ਰਹੇ ਨਸ਼ੇ ਦੇ ਕਾਰੋਬਾਰ ਨੂੰ ਬੰਦ ਕਰਵਾਇਆ ਜਾਵੇ। ਮੌਕੇ 'ਤੇ ਪਹੁੰਚੇ ਪੁਲਸ ਕਰਮਚਾਰੀ ਨੇ ਭਰੋਸਾ ਦਿਵਾਇਆ ਕਿ ਉਹ ਇਸ ਖੇਤਰ ਵਿੱਚ ਗਸ਼ਤ ਤੇਜ਼ ਕਰਨਗੇ।

ਬਾਦਲ ਦੇ ਅਕਾਲ ਚਲਾਣਾ 'ਤੇ ਮਾਤਾ ਗੁਜਰੀ ਕਾਲਜ 'ਚ ਸੋਗ ਦੀ ਲਹਿਰ

ਫਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)- ਦਰਵੇਸ਼ ਸਿਆਸਤਦਾਨ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਜਾਣ 'ਤੇ ਮਾਤਾ ਗੁਜਰੀ ਕਾਲਜ ਦੇ ਸਮੂਹ ਸਟਾਫ਼ ਅਤੇ ਵਿਦਿਆਰਥੀਆਂ 'ਚ ਸੋਗ ਦੀ ਲਹਿਰ ਫੈਲ ਗਈ। ਇਸ ਮੌਕੇ ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਅਤੇ ਕਾਲਜ ਡਾਇਰੈਕਟਰ ਪ੍ਰਿੰ. ਡਾ. ਕਸ਼ਮੀਰ ਸਿੰਘ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੱਚੇ ਹਮਦਰਦ ਸਨ ਅਤੇ ਉਨ੍ਹਾ ਦੇ ਚਲੇ ਜਾਣ ਨਾਲ ਦੇਸ਼ ਨੂੰ, ਪੰਜਾਬ ਨੂੰ ਅਤੇ ਸਮੁੱਚੇ ਪੰਥ ਨੂੰ ਕਦੇ ਨਾ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਪ੍ਰਿੰ. ਡਾ. ਕਸ਼ਮੀਰ ਸਿੰਘ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਪ੍ਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਦੀ ਖਬਰ ਨਾਲ ਸਮੂਹ ਕਾਲਜ ਸਟਾਫ ਅਤੇ ਵਿਦ

27-April-PAGE-11-Majha-23.qxd 4/26/2023 10:18 PM Page 1

ਲੁੱਟਮਾਰ ਦੇ ਮਾਮਲੇ 'ਚ 2 ਦੋਸ਼ੀ ਗ੍ਰਿਫ਼ਤਾਰ, ਸ਼ੱਕੀਆਂ ਦੀ ਭਾਲ ਜਾਰੀ

ਪਠਾਨਕੋਟ, (ਦਵਿੰਦਰ ਸਿੰਘ)- ਪਠਾਨਕੋਟ ਪੁਲਸ ਨੇ ਇੱਕ ਤੇਜ਼ ਅਤੇ ਸਫਲ ਕਾਰਵਾਈ ਕਰਦੇ ਹੋਏ ਬੱਕਰੀਆਂ ਅਤੇ ਮੋਬਾਈਲ ਫੋਨ ਚੋਰੀ ਕਰਨ ਦੇ ਇੱਕ ਮਾਮਲੇ ਵਿੱਚ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਘਟਨਾ 7 ਅਪ੍ਰੈਲ 2023 ਨੂੰ ਵਾਪਰੀ, ਜਦੋਂ ਇੱਕ ਚਿੱਟੇ ਰੰਗ ਦੀ ਬਲੈਰੋ ਪਿਕ-ਅੱਪ ਗੱਡੀ ਵਿੱਚ ਸਵਾਰ ਅਣਪਛਾਤੇ ਵਿਅਕਤੀਆਂ ਨੇ ਪੀੜਤ ਯਾਕੂਬ ਅਤੇ ਉਸ ਦੇ ਭਤੀਜੇ ਸ਼ੌਕਤ ਨੂੰ ਧਮਕੀਆਂ ਦਿੱਤੀਆਂ ਅਤੇ ਬੰਨ੍ਹ ਦਿੱਤਾ। ਦੋਸ਼ੀ ਉਨਾਂ ਤੋਂ 17 ਬੱਕਰੀਆਂ ਅਤੇ ਦੋ ਮੋਬਾਇਲ ਫੋਨ ਸਮੇਤ 27 ਹਜ਼ਾਰ ਰੁਪਏ ਵਾਲਾ ਬੈਗ ਲੁੱਟ ਕੇ ਲੈ ਗਏ ਸਨ।

ਇਸ ਸਬੰਧੀ ਪ੍ਰੈੱਸ ਨੂੰ ਵਧੇਰੇ ਜਾਣਕਾਰੀ ਦਿੰਦੇ ਹੋਏ ਸੀਨੀਅਰ ਕਪਤਾਨ ਪੁਲਸ ਪਠਾਨਕੋਟ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਸ ਘਿਨਾਉਣੇ ਅਪਰਾਧ ਦੇ ਜਵਾਬ ਵਿੱਚ ਡੀਐਸਪੀ ਧਾਰਕਲਾਂ ਰਜਿੰਦਰ ਮਿਨਹਾਸ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਗਿਆ ਸੀ। ਐੱਸਐੱਚਓ ਧਾਰ ਇੰਸਪੈਕਟਰ ਗੁਲਸ਼ਨ ਅਤੇ ਐੱਸਆਈ ਅਰੁਣ ਕੁਮਾਰ, ਆਈ/ਸੀ ਪੀਪੀ ਦੁਨੇਰਾ ਦੀ ਅਗਵਾਈ ਵਾਲੀ ਟੀਮ ਨੇ ਸਬੂਤ ਇਕੱਠੇ ਕਰਨ ਅਤੇ ਸ਼ੱਕੀਆਂ ਦਾ ਪਤਾ ਲਗਾਉਣ ਲਈ ਅਣਥੱਕ ਮਿਹਨਤ ਕੀਤੀ ਹੈ।

ਇਸ ਕੇਸ ਵਿੱਚ ਯਾਕੂਬ ਪੁੱਤਰ ਈਸਾਮ ਦੀਨ, ਸਲਾਮੂ ਪੁੱਤਰ ਬਾਗੀ, ਯਾਕੂਬ ਪੁੱਤਰ ਅਣਪਛਾਤਾ, ਗੁੰਡਿਆਲ ਜੰਮੂ-ਕਸ਼ਮੀਰ ਦੇ ਸਾਬਿਰ ਪੁੱਤਰ ਗੁੱਗਰ, ਤੇਫਾ ਪੁੱਤਰ ਨਮਾਲੂਮ, ਆਸ਼ਿਕ ਅਲੀ ਉਰਫ ਅੱਚੂ ਪੁੱਤਰ ਦਲਮੀਰ , ਅਲੀ ਉਰਫ ਲਿਆਕੂ ਪੁੱਤਰ ਬਸ਼ੀਰ ਮੁਹੰਮਦ ਅਤੇ ਲਿਆਕਤ ਨੂੰ ਨਾਮਜ਼ਦ ਕੀਤਾ ਗਿਆ ਸੀ। ਇਨ੍ਹਾਂ 7 ਦੋਸ਼ੀਆਂ ਵਿੱਚੋਂ ਲਿਆਕਤ ਅਲੀ ਉਰਫ ਲਿਆਕੂ ਪੁੱਤਰ ਬਸ਼ੀਰ ਮੁਹੰਮਦ ਨੂੰ 14 ਅਪ੍ਰੈਲ 2023 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਤਫਤੀਸ਼ ਦੌਰਾਨ ਦੋਸ਼ੀ ਰਸ਼ੀਦ ਅਹਿਮਦ ਪੁੱਤਰ ਅਬਦੁਲ ਅਜੀਜ ਵਾਸੀ ਸਾਬਰ ਦੇ ਕਬਜ਼ੇ ਵਿੱਚੋਂ ਚੋਰੀ ਦੀਆਂ 17 ਬੱਕਰੀਆਂ ਵਿਚੋਂ 14 ਬੱਕਰੀਆਂ ਬਰਾਮਦ ਕੀਤੀਆਂ ਗਈਆਂ ਹਨ। ਅਧੀਰ 25 ਅਪ੍ਰੈਲ ਨੂੰ ਪੁਲਸ ਨੇ ਇਸ ਮਾਮਲੇ ਦੇ ਸਬੰਧ ਵਿੱਚ ਰਸ਼ੀਦ ਅਹਿਮਦ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਸਬੰਧੀ ਥਾਣਾ ਧਾਰਕਲਾਂ ਵਿਖੇ ਜੁਰਮ 379-ਬੀ, 34 ਆਈਪੀਸੀ ਦਰਜ ਕੀਤਾ ਗਿਆ ਸੀ। ਐੱਸਐੱਸਪੀ ਖੱਖ ਨੇ ਅੱਗੇ ਦੱਸਿਆ ਕਿ ਫੜੇ ਗਏ ਦੋਸ਼ੀ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕਰਕੇ ਹੋਰ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਜੋ ਪੂਰੇ ਗਰੋਹ ਨੂੰ ਕਾਬੂ ਕਰਨ ਵਿੱਚ ਮਦਦ ਕੀਤੀ ਜਾ ਸਕੇ। ਫਿਲਹਾਲ ਬਾਕੀ ਸ਼ੱਕੀਆਂ ਨੂੰ ਫੜਨ ਲਈ ਵਿਆਪਕ ਛਾਪੇਮਾਰੀ ਕੀਤੀ ਜਾ ਰਹੀ ਹੈ। ਪੁਲਸ ਵਿਭਾਗ ਦੋਸ਼ੀਆਂ ਨੂੰ ਜਲਦੀ ਫੜਨ ਲਈ ਆਸਵੰਦ ਹੈ ਜੋ ਅਜੇ ਫਰਾਰ ਹਨ।

6 ਗ੍ਰਾਮ ਹੈਰੋਇਨ ਸਮੇਤ ਦੋਸ਼ੀ ਕਾਬੂ

ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪੁਲਸ ਦੇ ਉੱਚ ਅਧਿਕਾਰੀਆਂ ਐੱਸਐੱਸਪੀ ਦਿਹਾਤੀ ਸੁਰਿੰਦਰਜੀਤ ਸਿੰਘ, ਇਕਬਾਲ ਸਿੰਘ ਡੀਐੱਸਪੀ ਜੰਡਿਆਲਾ ਗੁਰੂ, ਐੱਸਐੱਚਓ ਜੰਡਿਆਲਾ ਗੁਰੂ, ਬਲਵਿੰਦਰ ਸਿੰਘ ਭੁੱਲਰ ਦੀਆਂ ਹਦਾਇਤਾਂ ਮੁਤਾਬਿਕ ਵਿੱਢੀ ਗਈ ਮੁਹਿੰਮ ਤਹਿਤ ਨਵਾਂ ਪਿੰਡ ਦੀ ਪੁਲਸ ਪਾਰਟੀ ਨੇ ਇੱਕ ਦੋਸ਼ੀ ਹਰਵਿੰਦਰ ਸਿੰਘ ਉਰਫ ਸੋਨੀ ਪੁੱਤਰ ਮੇਹਰ ਸਿੰਘ ਵਾਸੀ ਪਿੰਡ ਅਕਾਲਗੜ੍ਹ ਢਪੱਈਆਂ ਨੂੰ 6 ਗ੍ਰਾਮ ਹੈਰੋਇਨ ਸਮੇਤ ਕਾਬੂ ਕਰ ਲਿਆ ਹੈ।

ਇਹ ਜਾਣਕਾਰੀ ਨਵਾਂ ਪਿੰਡ ਪੁਲਸ ਦੇ ਚੌਕੀ ਇੰਚਾਰਜ ਸੁਖਵਿੰਦਰ ਸਿੰਘ ਰੰਧਾਵਾ, ਏਐੱਸਆਈ ਲੱਖਾ ਸਿੰਘ ਝੰਡੇ, ਮੁਨਸ਼ੀ ਕੁਲਬੀਰ ਸਿੰਘ, ਏਐੱਸਆਈ ਦਲਵਿੰਦਰ ਸਿੰਘ, ਹੌਂਡ ਕਾਂਸਟੇਬਲ ਸਿਮਰਨਜੀਤ ਸਿੰਘ ਆਦਿ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਦੋਸ਼ੀ ਖਿਲਾਫ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਕੀ ਇੰਚਾਰਜ ਸੁਖਵਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਇਲਾਕੇ ਦੇ ਕਿਸੇ ਵੀ ਨਸ਼ਾ ਤਸਕਰ ਨੂੰ ਸਿਰ ਨਹੀਂ ਚੁੱਕਣ ਦਿਆਂਗੇ ਤੇ ਉਨ੍ਹਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ .

ਅੱਧਵਾਟੇ ਲਟਕਿਆ ਪੰਚਾਇਤ ਘਰ ਹਰੀਕੇ ਜਿਥੇ ਅਕਸਰ ਹੁੰਦੈ ਨਸ਼ੇ ਦਾ ਸੇਵਨ

ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸੂਬੇ ਅੰਦਰ ਵੱਡੀ ਗਿਣਤੀ 'ਚ ਨੌਜਵਾਨਾਂ ਨੇ ਪ੍ਰਵਾਸ ਦੇ ਨਾਲ ਨਾਲ ਦੇਸ਼ ਅੰਦਰ ਰਹਿ ਕੇ ਵੀ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰ ਕੇ ਚੰਗਾ ਨਾਮਣਾ ਖੱਟਿਆ ਪਰ ਹਾਲੇ ਵੀ ਉਨ੍ਹਾਂ ਨੌਜਵਾਨਾਂ ਦੀ ਗਿਣਤੀ ਘਟਣ ਦਾ ਨਾਮ ਨਹੀਂ ਲੈ ਰਹੀ ਜੋ ਸੂਈ ਦੀ ਜੰਗ ਹਾਰ ਕੇ ਮੌਤ ਨੂੰ ਗਲੇ ਲਗਾ ਰਹੇ ਹਨ। ਇਸ ਕੰਮ ਲਈ ਖੰਡਰਨੁਮਾ ਇਮਾਰਤਾਂ ਤੋਂ ਇਲਾਵਾ ਸਰਕਾਰੀ ਬੇਰੁਖੀ ਕਾਰਨ ਅੱਧਵਾਟੇ ਲਟਕਦੀਆਂ ਇਮਾਰਤਾਂ ਅਹਿਮ ਰੋਲ ਅਦਾ ਕਰਦੀਆਂ ਹਨ। ਜੇਕਰ ਇਹ ਇਮਾਰਤਾਂ ਪੁਲਸ ਥਾਣਿਆਂ ਦੇ ਕਰੀਬ ਹੋਣ ਤਾਂ ਸੁਰੱਖਿਆ ਪੱਖੋਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋ ਨਿਬੜਦੀ ਹੈ। ਜੀ ਹਾਂ! ਅਸੀ ਗੱਲ ਕਰ ਰਹੇ ਹਾਂ ਥਾਣਾ ਹਰੀਕੇ ਦੇ ਨਜ਼ਦੀਕ ਸਿਆਸੀ ਗ੍ਰਹਿਣ ਦਾ ਸੰਤਾਪ ਹੰਢਾ ਰਹੀ ਪੰਚਾਇਤ ਘਰ ਦੀ ਇਮਾਰਤ ਦਾ ਜਿਸ ਵਿੱਚ ਦਿਨ ਰਾਤ ਨਸ਼ੇੜੀਆਂ ਦਾ ਆਉਣਾ ਜਾਣਾ ਲੱਗਾ ਰਹਿੰਦਾ ਹੈ। ਤ੍ਰਾਸਦੀ ਇਹ ਹੈ ਕਿ ਨਾੜ ਤੋ ਖੁੰਝੀ ਸੂਈ ਜਦੋ ਖੂਨ ਦੇ ਵਹਾਅ ਦਾ ਕਾਰਨ ਬਣਦੀ ਹੈ ਤਾਂ ਪੰਚਾਇਤ ਘਰ ਦੀਆਂ ਲੱਥਪੱਥ ਹੋਈਆਂ ਕੰਧਾਂ ਰਾਹ ਤੋਂ ਭਟਕੇ ਅਤੇ ਜੀਵਨ ਲੀਲਾ ਦੇ ਖਾਤਮੇ ਵੱਲ ਲਗਾਤਾਰ ਵਧ ਰਹੇ ਨੌਜਵਾਨਾਂ ਦੀ ਗਵਾਹੀ ਭਰਦੀਆਂ ਹਨ। ਇਥੇ ਹੀ ਬਸ ਨਹੀਂ ਸੰਘਣੀ ਵਸੋਂ ਦੇ ਨਜਦੀਕ ਬਣੇ ਇਸ ਪੰਚਾਇਤ ਘਰ ਦੇ ਹਾਲਤ ਵੇਖ ਕੇ ਪੜ੍ਹਨ ਜਾਣ ਵੇਲੇ ਨੌਜਵਾਨ ਲੜਕੀਆਂ ਅਤੇ ਘਰੇਲੂ ਔਰਤਾਂ ਰਸਤਾ ਬਦਲਣ 'ਚ ਹੀ ਭਲਾਈ ਸਮਝਦੀਆਂ ਹਨ। ਦੱਬੀ ਸੁਰ ਵਿੱਚ ਲੋਕਾਂ ਦਾ ਕਹਿਣਾ ਹੈ ਕਿ ਮੌਜੂਦਾ ਸਰਕਾਰ ਵੀ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਵਿੱਚ ਮੁਕੰਮਲ ਫੇਲ੍ਹ ਸਾਬਤ ਹੋਈ ਜਿਸ ਤੋਂ ਬਾਅਦ ਨਸ਼ੇੜੀ ਨੌਜਵਾਨਾਂ ਦੇ ਮਾਪਿਆਂ ਨੇ ਭਵਿੱਖ ਰੱਬ ਆਸਰੇ ਛੱਡ ਦਿੱਤਾ। ਇਸ ਸਬੰਧੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਜਥੇਦਾਰ ਸੁਖਵਿੰਦਰ ਸਿੰਘ ਸਭਰਾ ਦਾ ਕਹਿਣਾ ਹੈ ਨਸ਼ਿਆਂ ਦੇ ਖਾਤਮੇ ਲਈ ਲੋਕਾਂ ਨੂੰ ਸਰਕਾਰਾਂ ਅਤੇ ਪੁਲਸ ਤੋਂ ਉਮੀਦ ਤਿਆਗ ਕੇ ਖੁਦ ਜਥੇਬੰਦ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਕ ਰਾਜਜੀਤ ਸਿੰਘ ਨੂੰ ਕਾਬੂ ਕਰਕੇ ਦਮਗਜੇ ਮਾਰਨ ਵਾਲੀ ਸਰਕਾਰ ਦੇ ਰਾਜ ਅੰਦਰ ਹਰੇਕ ਹਲਕੇ 'ਚ ਰਾਜਜੀਤ ਵਰਗੇ ਪੁਲਸ ਕਰਮਚਾਰੀ ਹਨ ਜੋ ਸਰਕਾਰਾਂ ਦੀ ਕਮਾਈ ਦਾ ਵੱਡਾ ਸਾਧਨ ਹਨ। ਉਨ੍ਹਾਂ ਕਿਹਾ ਕਿ ਤਸਕਰਾਂ ਦਾ ਪੁਲਸ ਅਤੇ ਸਿਆਸਤਦਾਨਾਂ ਨਾਲ ਨਾਪਾਕ ਗਠਜੋੜ ਪੰਜਾਬ ਦੇ ਨੌਜਵਾਨਾਂ ਲਈ ਘਾਤਕ ਹੈ ਜਿਸ ਲਈ ਖੁਦ ਸੁਚੇਤ ਹੋਣਾ ਸਮੇਂ ਦੀ ਲੋੜ ਹੈ। ਇਸ ਸਬੰਧੀ ਸਬ ਡਵੀਜ਼ਨ ਪੱਟੀ ਦੇ ਡੀਐੱਸਪੀ ਸਤਨਾਮ ਸਿੰਘ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਲਗਾਤਾਰ ਜਾਰੀ ਹੈ ਜਿਸਦੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ।

ਹਰੀਕੇ ਦੇ ਪੰਚਾਇਤ ਘਰ 'ਚ ਹੋ ਰਹੇ ਨਸ਼ਾ ਸੇਵਨ ਸਬੰਧੀ ਉਨ੍ਹਾਂ ਕਿਹਾ ਕਿ ਥਾਣਾ ਮੁਖੀ ਤੋ ਪੂਰੀ ਰਿਪੋਰਟ ਲੈਣਗੇ ਪਤੇ ਜ਼ਿੰਮੇਵਾਰ ਅਨਸਰਾਂ ਖਿਲਾਫ ਬਿਨਾਂ ਦੇਰੀ ਕਾਨੂੰਨੀ ਕਾਰਵਾਈ ਹੋਵੇਗੀ।

ਮੋਰਿੰਡਾ ਬੇਅਦਬੀ ਕਾਂਡ ਦੀ ਲੇਖਕ ਭਾਈਚਾਰੇ ਵੱਲੋਂ ਸਖਤ ਨਿਖੇਧੀ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਧੰਨ-ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮੋਰਿੰਡਾ ਵਿਖੇ ਹੋਈ ਬੇਅਦਬੀ ਦੀ ਘਟਨਾ ਨੂੰ ਲੈ ਕੇ ਜਿਥੇ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ ਹਨ ਉੱਥੇ ਲੇਖਕ ਭਾਈਚਾਰੇ ਵਿੱਚ ਵੀ ਰੋਸ ਦੀ ਲਹਿਰ ਦੌੜ ਗਈ ਹੈ। ਇਸ ਮੌਕੇ ਵੱਖ-ਵੱਖ ਲੇਖਕ ਸਭਾਵਾਂ ਦੇ ਅਹੁਦੇਦਾਰਾਂ ਤੇ ਲੇਖਕਾਂ ਵੱਲੋਂ ਮੋਰਿੰਡਾ ਬੇਅਦਬੀ ਕਾਂਡ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਤੇ ਪੰਜਾਬ ਸਰਕਾਰ ਤੋਂ ਦੋਸ਼ੀ ਨੂੰ ਸਖਤ ਸਜ਼ਾ ਦੇਣ ਦੀ ਮੰਗ ਕੀਤੀ ਜਿਨ੍ਹਾਂ ਵਿੱਚ ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ ਬੁੱਟਰ, ਕੇਂਦਰੀ ਲੇਖਕ ਸਭਾ ਦੇ ਸਕੱਤਰ ਦੀਪ ਦਵਿੰਦਰ ਸਿੰਘ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਕੇਂਦਰੀ ਲੇਖਕ ਸਭਾ ਦੇ ਸਕੱਤਰ ਤੇ ਪ੍ਰਧਾਨ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ, ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ, ਸੀਨੀਅਰ ਪੱਤਰਕਾਰ ਸਤਨਾਮ ਮਾਣਕ, ਹਰਜਿੰਦਰ ਸਿੰਘ ਲਾਲਾ ਝਬਾਲ, ਕਿਰਪਾਲ ਸਿੰਘ ਸੋਹਲ, ਰੌਬਿਨ ਸਿੰਘ ਸੋਨੀ ਝਬਾਲ, ਮੀਤ ਪ੍ਰਧਾਨ ਗੁਰਜਿੰਦਰ ਸਿੰਘ ਬਘਿਆੜੀ, ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਸ਼ੁਕਰਗੁਜ਼ਾਰ ਸਿੰਘ, ਸਰਪ੍ਰਸਤ ਦਵਿੰਦਰ ਸਿੰਘ ਭੋਲਾ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸਤਿੰਦਰ ਸਿੰਘ ਉੱਠੀ, ਸਵਿੰਦਰ ਸਿੰਘ ਲਾਹੌਰੀਆ, ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਪ੍ਰਧਾਨ ਗਿਆਨੀ ਗੁਲਜ਼ਾਰ ਸਿੰਘ ਖੇੜਾ, ਜਰਨਲ ਸਕੱਤਰ ਮਾ. ਅਵਤਾਰ ਸਿੰਘ ਗੋਇੰਦਵਾਲ ਸਾਹਿਬ, ਪੰਜਾਬੀ ਸਾਹਿਤ ਸਭਾ ਤਾਰਨ ਤਾਰਨ ਦੇ ਪ੍ਰਧਾਨ ਜਸਵਿੰਦਰ ਸਿੰਘ ਢਿੱਲੋਂ, ਪੰਜਾਬੀ ਸਾਹਿਤ ਦੇ ਪ੍ਰਧਾਨ ਡਾ. ਤਾਰਾ ਚੰਦ ਦਿਆਲਪੁਰੀ, ਪੰਜਾਬੀ ਸਾਹਿਤ ਸੰਗਮ ਅੰਮ੍ਰਿਤਸਰ ਦੇ ਪ੍ਰਧਾਨ ਡਾ. ਮੋਹਨ ਬੇਗੋਵਾਲ, ਸਰਹੱਦੀ ਸਾਹਿਤ ਸਭਾ ਅੰਮ੍ਰਿਤਸਰ ਦੇ ਪ੍ਰਧਾਨ ਮਨਮੋਹਨ ਸਿੰਘ ਬਾਸਰਕੇ, ਅਜੀਤ ਸਿੰਘ ਨਬੀਪੁਰ, ਮਾ. ਮਨਜੀਤ ਸਿੰਘ ਵੱਸੀ, ਮੱਖਣ ਸਿੰਘ ਭੈਣੀ ਵਾਲਾ, ਸੁਖਰਾਜ ਸਿਕੰਦਰ, ਸ਼ਾਇਰ ਜਸਵੰਤ ਧਾਪ, ਪੰਜਾਬੀ ਸਾਹਿਤ ਸਭਾ ਤਰਸਿੱਕਾ ਦੇ ਸਰਪ੍ਰਸਤ ਅਤਰ ਸਿੰਘ ਤਰਸਿੱਕਾ, ਮਾ, ਗੁਰਮੀਤ ਸਿੰਘ ਡੇਹਰੀਵਾਲ, ਪ੍ਰਧਾਨ ਬਲਜਿੰਦਰ ਸਿੰਘ ਮਾਂਗਟ, ਮਹਿਲਾ ਵਿੰਗ ਦੇ ਪ੍ਰਧਾਨ ਮੈਡਮ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਸੁਰਿੰਦਰ ਖਿਲਚੀਆਂ, ਗੁਰਮੀਤ ਕੌਰ ਬੱਲ, ਮੈਡਮ ਹਰਮੇਸ ਕੌਰ ਯੋਧੇ, ਸਿਮਰਨ ਡਿੰਡਰ, ਸਤਰਾਜ ਜਲਾਲਾਬਾਦੀ, ਸਕੱਤਰ ਸਿੰਘ ਪੁਰੇਵਾਲ, ਗੀਤਕਾਰ ਸੁਲੱਖਣ ਸਿੰਘ ਦੇਲਾਵਾਲ, ਗੁਰਬਾਜ ਛੀਨਾ, ਸਤਨਾਮ ਸਿੰਘ ਔਲਖ, ਕਵੀ ਅਜੈਬ ਸਿੰਘ ਬੋਦੇਵਾਲ, ਲਾਲੀ ਕਰਤਾਰਪੁਰੀ, ਗੁਰਜੀਤ ਕੌਰ ਅਜਨਾਲਾ, ਪ੍ਰਵਾਸੀ ਸ਼ਾਇਰ ਇੰਦਰਜੀਤ ਸਿੰਘ ਪੁਰੇਵਾਲ, ਸੁਖਪਾਲ ਸਿੰਘ ਖਹਿਰਾ, ਮਲਵਿੰਦਰ ਸਿੰਘ, ਰਾਜ ਦਵਿੰਦਰ ਸਿੰਘ ਵੜੈਚ, ਰਣਜੀਤ ਸਿੰਘ ਕੋਟ ਮਹਿਤਾਬ, ਡਾ. ਅਰਜਿੰਦਰ ਸਿੰਘ ਬੁਤਾਲਵੀ, ਅਜੀਤ ਸਿੰਘ ਸਠਿਆਲਾ, ਬਲਦੇਵ ਸਿੰਘ ਸਠਿਆਲਾ, ਮਾ. ਬਲਵੀਰ ਸਿੰਘ ਬੋਲੇਵਾਲ, ਜਗਦੀਸ਼ ਸਿੰਘ ਬਮਰਾਹ, ਬਲਵਿੰਦਰ ਸਿੰਘ ਅਠੌਲਾ, ਸਨਪ੍ਰੀਤ ਸਿੰਘ ਅਠੌਲਾ, ਅਮਨਪ੍ਰੀਤ ਸਿੰਘ ਅਠੌਲਾ, ਗਾਇਕ ਅੰਗਰੇਜ਼ ਨੰਗਲੀ, ਲੇਖਕ ਦਿਲਰਾਜ ਸਿੰਘ ਦਰਦੀ, ਲਾਡੀ ਭੁੱਲਰ, ਡਾ. ਰਮਨਦੀਪ ਸਿੰਘ ਬਟਾਲਾ, ਬਲਵਿੰਦਰ ਕੌਰ ਸਰਘੀ, ਗੁਰਪ੍ਰੀਤ ਸਿੰਘ ਕੱਦਗਿੱਲ, ਗੁਰਮੇਜ ਸਹੋਤਾ, ਸਤਨਾਮ ਸਿੰਘ ਜਸਪਾਲ ਆਦਿ ਲੇਖਕਾਂ ਵੱਲੋਂ ਮੋਰਿੰਡਾ ਬੇਅਦਬੀ ਕਾਂਡ ਦੀ ਸਖਤ ਰੂਪ ਵਿੱਚ ਨਿਖੇਧੀ ਕੀਤੀ ਅਤੇ ਦੋਸ਼ੀ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ।

ਆਮ ਆਦਮੀ ਪਾਰਟੀ ਦੇ ਕੁਨਬੇ 'ਚ ਹੋਇਆ ਵਾਧਾ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਆਮ ਆਦਮੀ ਪਾਰਟੀ ਦੇ ਕੁੰਭੇ 'ਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ। ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲੋਂ ਵਾਲਮੀਕਿ ਸਮਾਜ ਦੀ ਉਨਤੀ ਲਈ ਬਣਾਈਆਂ ਨੀਤੀਆਂ ਨੂੰ ਦੇਖਦੇ ਹੋਏ ਵਾਲਮੀਕਿ ਸਮਾਜ ਦੇ ਸਮੂਹ ਆਗੂਆਂ ਨੇ ਕੇਂਦਰੀ ਮੰਦਰ ਭਗਵਾਨ ਵਾਲਮੀਕਿ ਸਮਾਜ ਦੇ ਪ੍ਰਧਾਨ ਰਾਹੁਲ ਕੁਮਾਰ, ਵਾਇਸ ਪ੍ਰਧਾਨ ਸੰਦੀਪ ਕੁਮਾਰ, ਖਜ਼ਾਨਚੀ ਅਭਿਜੀਤ ਦੀ ਪ੍ਰੇਰਣਾ ਸਦਕਾ ਲਾਲਜੀਤ ਸਿੰਘ ਭੁੱਲਰ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿਚ ਸ਼ਾਮਿਲ ਹੋਏ। ਭੁੱਲਰ ਨੇ ਦੱਸਿਆ ਕਿ ਜੋ ਵਿਸ਼ਵਾਸ ਵਾਲਮੀਕਿ ਸਮਾਜ ਨੇ ਆਮ ਆਦਮੀ ਪਾਰਟੀ ਤੇ ਕੀਤਾ ਹੈ ਉਸ ਉਪਰ ਆਮ ਆਦਮੀ ਪਾਰਟੀ ਖਰਾ ਉਤਰਨ ਦੀ ਕੋਸ਼ਿਸ਼ ਕਰੇ ਆਮ ਆਦਮੀ ਪਾਰਟੀ ਵਾਲਮੀਕਿ ਸਮਾਜ ਦੀ ਉਨਤੀ ਲਈ ਵਿਸ਼ੇਸ਼ ਉਪਰਾਲੇ ਕਰੇਗੀ। ਵਿਕਾਸ ਸਬੰਧੀ ਮੁਸ਼ਕਿਲਾਂ ਨੂੰ ਵਾਲਮੀਕਿ ਸਮਾਜ ਦੇ ਅਹੁਦੇਦਾਰਾਂ ਨਾਲ ਮਿਲ ਕੇ ਹੱਲ ਕੀਤਾ ਜਾਵੇਗਾ। ਸਮੂਹ ਵਾਲਮੀਕਿ ਸਮਾਜ ਨੇ ਕੈਬਨਿਟ ਮੰਤਰੀ ਨੂੰ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ ਲਈ ਰੋਜ਼ਗਾਰ, ਸਿੱਖਿਆ, ਕੇਂਦਰੀ ਮੰਦਰ ਭਗਵਾਨ ਵਾਲਮੀਕਿ ਦਾ ਵਿਕਾਸ, ਕਚਹਿਰੀ ਰੋਡ ਨੂ

27-April-PAGE- 12.qxd 4/26/2023 10:20 PM Page 1

ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਜੁੜੀਆਂ ਨੂਰਪੁਰ ਬੇਦੀ ਇਲਾਕੇ ਦੀਆਂ ਕੁਝ ਯਾਦਾਂ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ) ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਜਿਹੇ ਮਾਇਨਾਜ ਮੁੱਖ ਮੰਤਰੀ ਰਹੇ ਜਿਹੜੇ ਮੁੱਖ ਮੰਤਰੀ ਦਫਤਰ ਦੀ ਬਜਾਏ ਛੋਟੇ-ਛੋਟੇ ਪਿੰਡਾਂ ਵਿੱਚ ਜਾ ਕੇ ਸੰਗਤ ਦਰਸ਼ਨ ਦੇ ਰੂਪ ਵਿੱਚ ਵਿਕਾਸ ਲਈ ਕਰੋੜਾਂ ਰੁਪਏ ਦੇ ਫੰਡ ਮੌਕੇ ਤੇ ਹੀ ਜਾਰੀ ਕਰਦੇ ਸਨ। ਸਾਡੇ ਨੂਰਪੁਰ ਬੇਦੀ ਇਲਾਕੇ ਵਿਚ ਉਨ੍ਹਾਂ ਦੀ ਪਹਿਲੀ ਯਾਦ ਉਸ ਵੇਲੇ ਕਾਇਮ ਹੋਈ ਜਦੋਂ ਉਹ ਕਿੱਕਰ ਲੋਜ ਛੁੱਟੀ ਕੱਟਣ ਆਏ, ਪਰ ਉਹ ਉਥੇ ਰਹਿਣ ਦੀ ਬਜਾਏ ਤੜਕਸਾਰ ਲਾਗਲੇ ਪਿੰਡਾਂ ਕਾਂਗੜ, ਬਰਾਰੀ, ਬਸਾਲੀ, ਸੇਰੀ, ਕੋਲਾਪੁਰ, ਸੰਦੋਆ ਆਦਿ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣ ਕੇ ਮੌਕੇ 'ਤੇ ਹੀ ਕਰੋੜਾਂ ਰੁਪਏ ਦੀ ਗਰਾਂਟਾ ਵਿਕਾਸ ਕਾਰਜਾਂ ਲਈ ਵੰਡੇ ਗਏ। ਦੂਜੀ ਯਾਦਗਾਰ ਵਜੋਂ ਕਾਇਮ ਹੋਈ ਜਦੋਂ ਸਾਲ 2016 ਵਿੱਚ ਉਹ ਮੁੜ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿਚ ਪਹੁੰਚੇ ਦੇ ਇਲਾਕੇ ਦੇ ਲਗਭਗ ਤਮਾਮ ਪਿੰਡਾਂ ਨੂੰ 70 ਸਾਲਾਂ ਵਿੱਚ ਆਈਆਂ ਗਰਾਂਟਾਂ ਦੇ ਬਰਾਬਰ ਵਿਕਾਸ ਕਾਰਜਾਂ ਲਈ ਫੰਡ ਸੰਗਤ ਦਰਸ਼ਨ ਦੌਰਾਨ ਵੰਡ ਗਏ। ਇਕੱਲੇ ਨੂਰਪੁਰਬੇਦੀ ਪਿੰਡ ਦੀ ਗੱਲ ਕਰ ਲਈਏ ਤਾਂ ਉਹ ਇਕੱਲੇ ਇਸ ਪਿੰਡ ਨੂੰ 70 ਲੱਖ ਦੀ ਲਾਗਤ ਨਾਲ ਨਹਿਰੀ ਪਾਣੀ ਦਾ ਪ੍ਰੋਜੈਕਟ ਸਥਾਪਤ ਕਰਕੇ ਗਏ। ਇਸ ਤੋਂ ਇਲਾਵਾ ਪਿੰਡ ਦੇ ਅੰਦਰੂਨੀ ਭਾਗ ਵਿਚ ਪਾਣੀ ਦੀ ਸਮੱਸਿਆ ਦੇ ਹੱਲ ਲਈ ਬੋਰ ਵੀ ਕਰਵਾਇਆ। ਤੇ ਇਸ ਬੋਰ ਦਾ ਟੱਕ ਵੀ ਉਹਨਾਂ ਨੇ ਉਸੇ ਮੁਹੱਲੇ ਦੇ ਆਮ ਲੋਕਾਂ ਤੋਂ ਲਵਾ ਕੇ ਨਵੀਂ ਮਿਸਾਲ ਕਾਇਮ ਕੀਤੀ ਸੀ। ਇਸ ਤੋਂ ਇਲਾਵਾ ਨੂਰਪੁਰਬੇਦੀ ਬੁੰਗਾ ਸਾਹਿਬ ਮਾਰਗ ਤੇ ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਮੰਗ ਸਰਾਏ ਪੱਤਣ ਦਾ ਪੁਲ ਦਾ ਸਿਹਰਾ ਵੀ ਬਾਦਲ ਸਾਹਿਬ ਦੇ ਨਾਂਅ 'ਤੇ ਰਿਹਾ। ਨੂਰਪੁਰਬੇਦੀ ਦਾ ਤਹਿਸੀਲ ਕੰਪਲੈਕਸ ਨਵਾਂ ਪਟਵਾਰਖਾਨਾ ਤੇ ਸੁਵਿਧਾ ਕੇਂਦਰ ਸਾਂਝ ਕੇਂਦਰਾਂ ਦਾ ਸੇਹਰਾ ਵੀ ਮਹਿਰੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨਾਂਅ ਰਿਹਾ ਤੇ ਨਾਲ ਹੀ ਇੱਕ ਵੱਡਾ ਕੀਰਤੀਮਾਨ ਉਸ ਵੇਲੇ ਸਥਾਪਤ ਹੋਇਆ ਜਦੋਂ ਨੂਰਪੁਰ ਬੇਦੀ ਵਰਗੇ ਪਛੜੇ ਇਲਾਕੇ ਵਿਚ ਆਜ਼ਾਦੀ ਤੋਂ ਬਾਅਦ ਪਹਿਲਾ ਸਰਕਾਰੀ ਕਾਲਜ ਗੁਰੂ ਕਾ ਖੂਹ ਮੁੰਨੇ ਖੋਲ੍ਹਣ ਦਾ ਵੀ ਸੇਹਰਾ ਵੀ ਮਹਿਰੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਮਿਲਿਆ। ਨੂਰਪੁਰਬੇਦੀ ਬੱਸ ਸਟੈਂਡ ਦੀ ਉਸਾਰੀ ਸਮੇਤ ਰੋਪੜ ਤੋਂ ਝੱਜ ਚੋਕ ਤੱਕ ਚਹੁੰਮਾਰਗੀ ਰੋਡ ਸਮੇਤ ਉਪਰਲੀ ਘਾਟ ਨੂੰ ਜੋੜਨ ਵਾਲੇ ਮਿਆਰੀ ਰੋਡ ਦੇ ਉੱਪਰ ਉਪਰਲੇ ਘਾਟ ਦੇ ਪਿੰਡਾਂ ਦੀ ਕਨੈਕਟੀਵਿਟੀ ਦਾ ਵੀ ਸਰਦਾਰ ਬਾਦਲ ਸਰਕਾਰ ਨੂੰ ਮਿਲਿਆ। ਇਹ ਉਹ ਕੁਝ ਯਾਦਾ ਨੇ ਜੋ ਪਾਰਟੀਬਾਜੀ ਤੇ ਪੱਖਪਾਤ ਤੋਂ ਉੱਪਰ ਉੱਠ ਕੇ ਪ੍ਰਕਾਸ਼ ਸਿੰਘ ਬਾਦਲ ਦੇ ਕੀਤੇ ਕੰਮਾਂ ਨੂੰ ਅੱਜ ਉਹਨਾਂ ਦੇ ਸਦੀਵੀ ਵਿਛੋੜੇ ਮੌਕੇ ਯਾਦ ਕਰਵਾਉਣੀਆਂ ਰਰੂਰੀ ਹਨ।

ਪੁਲਸ ਨੇ ਕੀਤਾ ਫਲੈਗ ਮਾਰਚ

ਬਿਲਗਾ (ਵਿਜੇ ਕੁਮਾਰ)-ਲੋਕ ਸਭਾ ਹਲਕਾ ਜਲੰਧਰ ਦੀ 10 ਮਈ ਨੂੰ ਹੋਣ ਜਾ ਰਹੀ ਜਿਮਨੀ ਚੋਣ ਦੇ ਮੱਦੇਨਜ਼ਰ ਥਾਣਾ ਮੁਖੀ ਬਿਲਗਾ ਇੰਸਪੈਕਟਰ ਬਿਕਰਮਜੀਤ ਸਿੰਘ ਦੀ ਅਗਵਾਈ ਵਿਚ ਪੁਲਸ ਅਤੇ ਪੈਰਾਮਿਲਟਰੀ ਫੋਰਸ ਨੇ ਫਲੈਗ ਮਾਰਚ ਕੀਤਾ। ਇਹ ਫਲੈਗ ਮਾਰਚ ਨਗਰ ਦੇ ਵੱਖ-ਵੱਖ ਮੁਹੱਲਿਆਂ, ਗਲੀਆਂ, ਬਜਾਰਾਂ ਅਤੇ ਚੌਕਾਂ 'ਚੋਂ ਹੁੰਦਾ ਹੋਇਆ ਵਾਪਸ ਪੁਲਸ ਥਾਣਾ ਬਿਲਗਾ ਪਹੁੰਚਿਆ। ਇਸ ਫਲੈਗ ਮਾਰਚ ਦਾ ਮੁੱਖ ਮਕਸਦ ਜਿਮਨੀ ਚੋਣ ਨੂੰ ਸ਼ਾਂਤਮਈ ਢੰਗ ਨਾਲ ਨੇਪਰੇ ਚਾੜ੍ਹਨਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਡਰ, ਬਿਨਾਂ ਕਿਸੇ ਲਾਲਚ, ਆਪਣੀ ਵੋਟ ਦਾ ਇਸਤੇਮਾਲ ਕਰਨ। ਪੁਲਸ ਲੋਕਾਂ ਦੀ ਸੁਰੱਖਿਆ ਲਈ ਹਮੇਸ਼ਾ ਵਚਨਬੱਧ ਹੈ ਅਤੇ ਹਰ ਤਰ੍ਹਾਂ ਦੀ ਮੁਸ਼ਕਲ ਨਜਿੱਠਣ ਲਈ ਸਮਰੱਥ ਹੈ। ਉਨ੍ਹਾਂ ਕਿਹਾ ਕਿ ਅਮਨ ਕਾਨੂੰਨ ਦੀ ਸਥਿਤੀ ਹਰ ਹਾਲਤ ਵਿੱਚ ਬਰਕਰਾਰ ਰੱਖੀ ਜਾਵੇਗੀ।

ਝੰਡਾ ਮਾਰਚ 'ਚ ਗੌਰਮਿੰਟ ਟੀਚਰਜ਼ ਯੂਨੀਅਨ ਕਰੇਗੀ ਭਰਵੀਂ ਸ਼ਮੂਲੀਅਤ

ਫਿਲੌਰ (ਨਿਰਮਲ) ਪੰਜਾਬ-ਯੂ.ਟੀ. ਮੁਲਾਜਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਜਲੰਧਰ ਲੋਕ ਸਭਾ ਹਲਕੇ ਦੀ ਹੋ ਰਹੀ ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਦਾ ਮੁਲਾਜ਼ਮ ਅਤੇ ਪੈਨਸ਼ਨਰਜ਼ ਵਿਰੋਧੀ ਚਿਹਰਾ ਨੰਗਾ ਕਰਨ ਲਈ 30 ਅਪ੍ਰੈਲ ਨੂੰ ਨਕੋਦਰ ਅਤੇ 7 ਮਈ ਨੂੰ ਜਲੰਧਰ ਵਿਧਾਨ ਸਭਾ ਹਲਕੇ ਵਿੱਚ ਕੀਤੇ ਜਾ ਰਹੇ ਵਿਸ਼ਾਲ ਝੰਡਾ ਮਾਰਚ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਭਰਵੀਂ ਸਮੂਲੀਅਤ ਕਰੇਗੀ। ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਪ੍ਰਿੰਸੀਪਲ ਅਮਨਦੀਪ ਸ਼ਰਮਾ ਅਤੇ ਪ੍ਰੈਸ ਸਕੱਤਰ ਸੁਰਜੀਤ ਸਿੰਘ ਮੋਹਾਲੀ ਜਿਲਾ ਜਲੰਧਰ ਦੇ ਪ੍ਰਧਾਨ ਕਰਨੈਲ ਫਿਲੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਸੰਬੰਧੀ ਧਾਰੀ ਚੁੱਪੀ ਨੂੰ ਤੋੜਨ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿਰੋਧੀ ਨੀਤੀਆਂ ਨੂੰ ਲੋਕਾਂ ਵਿੱਚ ਲਿਜਾਣ ਲਈ ਜਲੰਧਰ ਲੋਕ ਸਭਾ ਚੋਣ ਨੂੰ ਮੁੱਖ ਰੱਖ ਕੇ ਜਲੰਧਰ ਲੋਕ ਸਭਾ ਹਲਕੇ ਦੇ 3 ਵਿਧਾਨ ਸਭਾ ਹਲਕਿਆਂ ਵਿੱਚ ਝੰਡਾ ਮਾਰਚ ਕੀਤਾ ਜਾ ਰਿਹਾ ਹੈ। ਆਗੂਆਂ ਨੇ ਅੱਗੇ ਕਿਹਾ ਕਿ ਮੌਜੂਦਾ ਲੋਕ ਹਿਤੈਸ਼ੀ ਕਹਾਉਣ ਵਾਲੀ ਰਾਜ ਕਰ ਰਹੀ ਸਰਕਾਰ ਦਾ ਕੰਮ ਕਰਨ ਦਾ ਢੰਗ ਤਰੀਕਾ ਵੀ ਦੂਜੀਆਂ ਸਰਕਾਰਾਂ ਵਾਂਗ ਹੀ ਹੈ। ਮੁੱਖ ਮੰਤਰੀ ਜਥੇਬੰਦੀਆਂ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਗੱਲਬਾਤ ਕਰਨ ਤੋਂ ਲਗਾਤਾਰ ਭੱਜ ਰਿਹਾ ਹੈ। ਸਰਕਾਰ ਬਣਨ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ ਜਾ ਰਿਹਾ। ਪੁਰਾਣੀ ਪੈਨਸ਼ਨ ਬਹਾਲ ਕਰਵਾਉਣ, ਕੱਚੇ ਕਾਮਿਆਂ ਨੂੰ ਪੱਕਾ ਕਰਵਾਉਣ, ਬੰਦ ਕੀਤੇ ਭੱਤਿਆਂ ਨੂੰ ਬਹਾਲ ਕਰਵਾਉਣ, ਪੇਅ ਕਮਿਸ਼ਨ ਵਿੱਚ ਪੈਨਸ਼ਨਰ ਅਤੇ ਮੁਲਾਜਮ ਪੱਖੀ ਸੋਧਾਂ ਕਰਵਾਉਣ ਆਦਿ ਮੰਗਾਂ ਜਿਉਂ ਦੀ ਤਿਉਂ ਖੜੀਆਂ ਹਨ।

ਸੀਟੀ ਵਰਲਡ ਸਕੂਲ ਨੇ ਵਿਸ਼ਵ ਧਰਤੀ ਦਿਵਸ ਮਨਾਇਆ

ਜਲੰਧਰ: (ਸ਼ੈਲੀ ਐਲਬਰਟ)-ਸੀਟੀ ਵਰਲਡ ਸਕੂਲ ਨੇ ਵਿਸ਼ਵ ਧਰਤੀ ਦਿਵਸ 2023 ਦਿਨ ਦੀ ਥੀਮ ਅਨੁਸਾਰ ਬੜੇ ਉਤਸ਼ਾਹ ਨਾਲ ਮਨਾਇਆ। ਸਵੇਰ ਦੀ ਸਭਾ ਦੌਰਾਨ ਨੌਜਵਾਨ ਵਾਤਾਵਰਣ ਪ੍ਰੇਮੀਆਂ ਨੇ ਹੈਰਾਨੀਜਨਕ ਤੱਥ ਸਾਂਝੇ ਕੀਤੇ ਅਤੇ ਸਾਡੀ ਧਰਤੀ, ਸਾਡਾ ਘਰ ਸਿਰਲੇਖ ਵਾਲੇ ਰੋਲ ਪਲੇ ਰਾਹੀਂ ਜੰਗਲਾਂ ਦੀ ਕਟਾਈ ਵਿਰੁੱਧ ਇੱਕ ਸ਼ਕਤੀਸ਼ਾਲੀ ਸੰਦੇਸ਼ ਦਿੱਤਾ। ਘਰ 'ਚ ਖਾਦ ਕਿਵੇਂ ਬਣਾਈਏ ਵੱਧ ਤੋਂ ਵੱਧ ਰੁੱਖ ਲਗਾਓ, ਧਰਤੀ ਨੂੰ ਸਾਫ਼ ਰੱਖੋ, ਪੋਸਟਰ ਮੇਕਿੰਗ, ਪੌਦਿਆਂ ਦੀ ਪੇਸ਼ਕਾਰੀ, ਪੌਦਿਆਂ ਨੂੰ ਪਾਣੀ ਪਿਲਾਉਣਾ ਅਤੇ ਪੰਛੀਆਂ ਨੂੰ ਖੁਆਉਣਾ ਆਦਿ ਗਤੀਵਿਧੀਆਂ ਕਰਵਾਈਆਂ ਗਈਆਂ। ਮਦਰ ਅਰਥ 'ਤੇ ਐਨੀਮੇਟਡ ਵੀਡੀਓ ਅਤੇ ਡਾਕੂਮੈਂਟਰੀ ਵੀ ਛੋਟੇ ਬੱਚਿਆਂ ਅਤੇ ਬਜ਼ੁਰਗ ਨਾਗਰਿਕਾਂ ਨੂੰ ਦਿਖਾਈ ਗਈ। ਸੀਟੀ ਵਰਲਡ ਸਕੂਲ ਦੀ ਪ੍ਰਿੰਸੀਪਲ ਮਧੂ ਸ਼ਰਮਾ ਨੇ ਧਰਤੀ ਦਿਵਸ 'ਤੇ ਸਮੂਹ ਚਰਚਾ ਕਰਵਾਈ। ਉਨ੍ਹਾਂ ਨੇ ਟਿੱਪਣੀ ਕੀਤੀ ਕਿ ਹਰੇ ਅਰਥਚਾਰੇ ਵਿੱਚ ਨਿਵੇਸ਼ ਹੀ ਇੱਕ ਸਿਹਤਮੰਦ, ਖੁਸ਼ਹਾਲ ਅਤੇ ਬਰਾਬਰੀ ਵਾਲੇ ਭਵਿੱਖ ਦਾ ਇੱਕੋ ਇੱਕ ਰਸਤਾ ਹੈ।ਚਰਨਜੀਤ ਸਿੰਘ ਚੰਨੀ ਚੇਅਰਮੈਨ ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਨੇ ਵਿਦਿਆਰਥੀਆਂ ਨੂੰ ਵਿਸ਼ਵ ਧਰਤੀ ਦਿਵਸ 2023 ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੇ ਯਤਨਾਂ ਲਈ ਉਹਨਾਂ ਦੀ ਸ਼ਲਾਘਾ ਕੀਤੀ।

ਭਾਮ ਵਿਖੇ ਹੋਣਹਾਰ ਵਿਦਿਆਰਥੀ ਸਨਮਾਨਤ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪਿੰਡ ਭਾਮ ਵਿਖੇ ਡਾਕਟਰ ਬੀ ਆਰ ਅੰਬੇਡਕਰ ਸੁਸਾਇਟੀ ਭਾਮ ਵੱਲੋਂ ਜੱਖੂ ਮੁਹੱਲੇ ਭਾਮ ਵਿਖੇ ਭਾਰਤ ਰਤਨ ਡਾਕਟਰ ਬੀ ਆਰ ਅੰਬੇਡਕਰ ਜੀ ਦਾ ਜਨਮ ਦਿਹਾੜਾ ਮਨਾਇਆ ਗਿਆ। ਇਸ ਮੌਕੇ ਮੁੱਖ ਪ੍ਰਬੰਧਕ ਪ੍ਰਧਾਨ ਲਾਈਨ ਐਸ ਪੀ ਐਕਸੀਅਨ ਜੱਖੂ ਭਾਮ, ਡਾਕਟਰ ਇੰਦਰਜੀਤ ਸਿੰਘ ਭਾਮ ਨੇ ਵੱਖ ਵੱਖ ਸਕੂਲਾਂ ਵਿਚੋਂ ਅਵੱਲ ਆਏ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਤੇ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪ੍ਰਸਤ ਸੁਰਜੀਤ ਸਿੰਘ, ਡਾਕਟਰ ਇੰਦਰਜੀਤ ਸਿੰਘ ਭਾਮ ਖਜਾਨਚੀ, ਜੋਗਿੰਦਰ ਸਿੰਘ ਬੰਗਾ, ਰੇਸ਼ਮ ਸਿੰਘ ਜੱਖੂ ਸੈਕਟਰੀ, ਬਲਰਾਮ ਸਿੰਘ ਮੁੱਖ ਪ੍ਰਬੰਧਕ, ਰਛਪਾਲ ਸਿੰਘ ਜੱਖੂ ਸੀਨੀਅਰ ਮੀਤ ਪ੍ਰਧਾਨ, ਮਨਜੀਤ ਸਿੰਘ ਜੱਖੂ ਸੀਨੀਅਰ ਮੀਤ ਪ੍ਰਧਾਨ, ਤਜਿੰਦਰ ਸਿੰਘ ਜੱਖੂ ਜੁਆਇੰਟ ਸਕੱਤਰ, ਰਛਪਾਲ ਸਿੰਘ ਚੋਪੜਾ ਜੁਆਇੰਟ ਖਜਾਨਚੀ, ਪੀ ਆਰ ਉ ਯਸ਼, ਜੁਆਇੰਟ ਪੀ ਆਰ ਉ ਅਮਨ, ਬਲਜੀਤ ਸਿੰਘ ਸੋਨੂੰ ਪੰਚ, ਗੁਰਵਿੰਦਰ ਸਿੰਘ ਸਿੱਧੂ, ਕਾਬਲ ਸਿੰਘ, ਸੰਗਤ ਸਿੰਘ, ਗੁਰਬਚਨ ਸਿੰਘ ਜੱਖੂ, ਚਰਨਜੀਤ ਸਿੰਘ ਚੰਨਾ, ਰਛਪਾਲ ਸਿੰਘ ਜੱਖੂ, ਰਛਪਾਲ ਸਿੰਘ ਚੋਪੜਾ, ਹਰਸ ਕੁਮਾਰ, ਜਤਿਨ ਕੁਮਾਰ, ਹਰਵਿੰਦਰ ਸਿੰਘ ਅਜਨੋਹਾ, ਹਰਮਨ ਸਿੰਘ ਨਡਾਲੋਂ, ਅਮਰਜੀਤ ਸਿੰਘ, ਹਰਜਿੰਦਰ ਸਿੰਘ ਜੱਖੂ, ਮੋਹਿਤ ਕੁਮਾਰ ਬਲਰਾਜ ਸਿੰਘ, ਸੰਨੀ, ਸਾਲੀ, ਸੋਨਾ, ਜੱਸ ਭਾਮ, ਮੱਖਣ, ਜੀਵਨ, ਬਿੱਟੂ ਜੱਖੂ, ਅਮਨਦੀਪ ਸਿੰਘ ਰੋਹਿਤ ਕੁਮਾਰ,ਲਾਇਨ ਮੋਹਣ ਲਾਲ ਸਰੋਆ, ਡਾਕਟਰ ਰਤਨ ਚੰਦ, ਲਾਇਨ ਰਸਿੰਦਰ ਪ੍ਰਸਾਦ, ਮਨਜੀਤ ਸਿੰਘ ਜੱਖੂ ਆਦਿ ਹਾਜਰ ਸਨ।

ਮਜ਼ਦੂਰ/ਇਨਕਲਾਬੀ ਜਮਹੂਰੀ ਜਥੇਬੰਦੀਆਂ ਵੱਲੋਂ ਮਜ਼ਦੂਰ ਦਿਵਸ ਸਾਂਝੇ ਤੌਰ 'ਤੇ ਮਨਾਉਣ ਦਾ ਸੱਦਾ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)- ਸੰਸਾਰ ਪੱਧਰ 'ਤੇ ਕਿਰਤੀ ਲੋਕਾਂ ਵੱਲੋਂ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ ਅਤੇ ਇਸ ਵਾਰ ਮਜ਼ਦੂਰ ਅਤੇ ਇਨਕਲਾਬੀ ਜਮਹੂਰੀ ਜਥੇਬੰਦੀਆਂ ਵੱਲੋਂ ਮਜ਼ਦੂਰ ਦਿਵਸ ਮੌੜ ਚੌਕ ਨਜ਼ਦੀਕ ਬਿਜਲੀ ਦਫਤਰ ਰਾਮਪੁਰਾ ਵਿਖੇ ਸਾਂਝੇ ਤੌਰ 'ਤੇ ਮਨਾਇਆ ਜਾਵੇਗਾ ਅਤੇ ਮਈ ਦਿਵਸ ਦੇ ਸ਼ਹੀਦਾਂ ਨੂੰ ਸਿਜਦਾ ਕੀਤਾ ਜਾਵੇਗਾ।

ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਆਗੂ ਜਗਜੀਤ ਸਿੰਘ ਲਹਿਰਾ ਮੁਹੱਬਤ, ਇਲਾਕਾ ਆਗੂ ਹਰਮੇਸ਼ ਕੁਮਾਰ ਰਾਮਪੁਰਾ ਅਤੇ ਜਗਦੀਸ਼ ਸਿੰਘ ਰਾਮਪੁਰਾ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਜੋ ਹੱਕ ਮਜ਼ਦੂਰਾਂ/ ਕਿਰਤੀ ਜਮਾਤ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਪ੍ਰਾਪਤ ਕੀਤੇ ਸਨ, ਉਹ ਹੱਕ ਅੱਜ ਮੌਕੇ ਦੀਆਂ ਹਕੂਮਤਾਂ/ਸਾਮਰਾਜੀ ਦੇਸ਼ਾਂ/ ਸਰਮਾਏਦਾਰਾਂ ਵੱਲੋਂ ਖੋਹੇ ਜਾ ਰਹੇ ਹਨ। ਮਜ਼ਦੂਰਾਂ ਦੀ ਕਿਰਤ ਨੂੰ ਲੁੱਟਣ ਲਈ ਉਨ੍ਹਾਂ ਦੇ ਜਮਹੂਰੀ ਹੱਕਾਂ 'ਤੇ ਡਾਕਾ ਮਾਰਿਆ ਜਾ ਰਿਹਾ ਹੈ। ਅੱਜ ਵੀ ਮਹਿੰਗਾਈ ਭੁੱਖਮਰੀ, ਬੇਰੁਜ਼ਗਾਰੀ ਤੇ ਗਰੀਬੀ ਦੇ ਸਤਾਏ ਕਿਰਤੀ ਲੋਕਾਂ ਨੂੰ ਜ਼ਿੰਦਗੀ ਜਿਉਣੀ ਦੁੱਭਰ ਹੋਈ ਪਈ ਹੈ। ਸੋ ਸਾਰੇ ਹੀ ਇਨਸਾਫ਼ ਪਸੰਦ ਲੋਕਾਂ, ਇਨਕਲਾਬੀ ਜਮਹੂਰੀ ਅਤੇ ਮਜ਼ਦੂਰ ਜਥੇਬੰਦੀਆਂ ਨੂੰ ਮਈ ਦਿਵਸ 1 ਮਈ ਨੂੰ ਸਵੇਰੇ 10:00 ਵਜੇ ਵੱਡੀ ਗਿਣਤੀ ਵਿੱਚ ਕਾਫਲੇ ਬੰਨ੍ਹ ਕੇ ਪਹੁੰਚਣ ਦਾ ਸੱਦਾ ਦਿੱਤਾ ਜਾਂਦਾ ਹੈ।

ਆਸ਼ਾ ਵਰਕਰਾਂ ਦੀ ਮਿਹਨਤ ਨਾਲ ਘਰ-ਘਰ ਪਹੁੰਚ ਰਹੀਆਂ ਸਿਹਤ ਸੇਵਾਵਾਂ : ਐਸ ਐਮ ਓ

ਬੁਲ੍ਹੋਵਾਲ, (ਵਿਰਦੀ) ਮੁੱਢਲਾ ਸਿਹਤ ਕੇਂਦਰ ਚੱਕੋਵਾਲ ਵਿਖੇ ਸੀਨੀਅਰ ਮੈਡੀਕਲ ਅਫਸਰ ਡਾ. ਬਲਦੇਵ ਸਿੰਘ ਦੀ ਅਗਵਾਈ ਵਿਚ ਆਸ਼ਾ ਵਰਕਰਾਂ ਦੀ ਮਹੀਨਾਵਾਰ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਐਸ.ਐਮ.ਓ. ਡਾ. ਬਲਦੇਵ ਸਿੰਘ ਨੇ ਦੱਸਿਆ ਕਿ ਆਸ਼ਾ ਵਰਕਰਾਂ ਪਿੰਡ ਪੱਧਰ 'ਤੇ ਕੰਮ ਕਰਦੀਆਂ ਹਨ ਤੇ ਲੋਕਾਂ ਤੱਕ ਸਿਹਤ ਸੇਵਾਂਵਾਂ ਦੇ ਲਾਭ ਪਹੁੰਚਾਉਂਦੀਆਂ ਹਨ। ਉਹਨਾਂ ਦੱਸਿਆ ਕਿ ਆਸ਼ਾ ਵਰਕਰਾਂ ਨੂੰ ਹਰ ਕੰਮ ਲਈ ਪੈਸੇ ਮਿਲਦੇ ਹਨ ਤੇ ਉਹ ਮਿਹਨਤ ਕਰਕੇ ਵੱਧ ਤੋਂ ਵੱਧ ਪੈਸੇ ਕਮਾ ਸਕਦੀਆਂ ਹਨ। ਇਸੇ ਤਰ੍ਹਾਂ ਹੀ ਇਸ ਵਾਰ 3 ਆਸ਼ਾ ਵਰਕਰਾਂ ਨੇ ਸਭ ਤੋਂ ਵਧੀਆ ਕੰਮ ਕਰਦਿਆਂ ਹੋਇਆਂ ਬਾਕੀ ਆਸ਼ਾ ਵਰਕਰਾਂ ਨਾਲੋਂ ਵੱਧ ਮਿਹਨਤਾਨਾ ਕਮਾਇਆ ਹੈ। ਇਹਨਾਂ ਆਸ਼ਾ ਵਰਕਰਾਂ ਵਿਚ ਪਹਿਲੇ ਨੰਬਰ 'ਤੇ ਇੰਦਰਜੀਤ ਕੌਰ, ਦੂਸਰੇ ਨੰਬਰ 'ਤੇ ਜਸਪ੍ਰੀਤ ਕੌਰ ਤੇ ਤੀਸਰੇ ਨੰਬਰ 'ਤੇ ਕਮਲਜੀਤ ਕੌਰ ਆਈਆਂ ਹਨ। ਸਿਵਲ ਸਰਜਨ ਹੁਸ਼ਿਆਰਪੁਰ ਡਾ. ਬਲਵਿੰਦਰ ਕੁਮਾਰ ਨੇ ਵੀ ਆਸ਼ਾ ਵਰਕਰਾਂ ਨੂੰ ਵਧਾਈ ਦਿੱਤੀ ਤੇ ਇਸੇ ਤਰ੍ਹਾਂ ਹੀ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ। ਐਸ.ਐਮ.ਓ. ਨੇ ਕਿਹਾ ਕਿ ਸਿਹਤ ਵਿਭਾਗ ਦਾ ਟੀਚਾ ਹੈ ਕਿ ਉਹ ਸਭ ਲੋਕਾਂ ਤੱਕ ਜੱਚਾ ਬ